ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

ਕੜੀ-8, ਉਮੀਦ ਦੀ ਕਿਰਨ **(Rays of Hope)**

ਖੋਜ ਤੇ ਲੇਖਣ : ਅਭੈ ਐਸ . ਡੀ ਰਾਜਪੂਤ

ਪੰਜਾਬੀ ਰੁਪਾਂਤਰ ਤੇ ਲੇਖਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

**(**In this episode different aspects of sustainable development have been discussed. Listeners can know about different components of sustainable development such as water and energy conservation, Disaster management, Organic farming, Smart cities, and protection from diseases.**)**

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਦਵਿੰਦਰ ਸਿੰਘ: ਪਿਤਾ, ਇੱਕ ਲੇਖਾ ਮਾਹਰ

ਵਸੁਧਾ: ਵਿਗਿਆਨ ਕੇਂਦਰ ਦੀ ਵਿਗਿਆਨੀ , ਦਵਿੰਦਰ ਦੀ ਪਤਨੀ

ਮੋਨਿਕਾ : ਦਵਿੰਦਰ ਤੇ ਵਸੁਧਾ ਦੀ ਸਕੂਲ ਵਿੱਚ ਪੜ੍ਹਦੀ ਲੜਕੀ

ਲੱਕੀ : ਮੋਨਿਕਾ ਦਾ ਭਰਾ , ਸਕੂਲ ਵਿੱਚ ਪੜ੍ਹਦਾ ਲੜਕਾ

ਰਕੇਸ਼: ਵਾਤਾਵਰਣ ਵਿਗਿਆਨ ਦਾ ਪ੍ਰੋਫੈਸਰ

ਸ਼ੁਰੂਆਤੀ ਐਲਾਨ

(ਸਿਰਲੇਖ ਗੀਤ ਦੇ ਸੰਗੀਤ-ਟ੍ਰੈਕ ਸੁਣ ਰਿਹਾ ਹੈ )

**ਉਮੀਦ ਦੀ ਕਿਰਨ (Rays of Hope)**

(ਸੰਗੀਤ...)

**ਐਲਾਨ**: ਇਹ ਅਕਾਸ਼ਵਾਣੀ ਜਲੰਧਰ ਹੈ ਵਿਗਿਆਨ ਲੜੀਵਾਰ "ਟਿਕਾਊ ਵਿਕਾਸ- **ਚਲਦੀ ਰਹੇ ਇਹ ਜ਼ਿੰਦਗੀ**" ਦੀ ਸੱਤਵੀਂ ਕੜੀ "**ਕੁਝ ਕਦਮ ਪਿੱਛੇ**"ਤੋਂ ਬਾਅਦ ਅੱਜ ਪੇਸ਼ ਕਰਨ ਜਾ ਰਹੇ ਹਨ ਸਾਡੇ ਕਲਾਕਾਰ ਅਗਲੀ ਕੜੀ "**ਉਮੀਦ ਦੀ ਕਿਰਨ**" !

**ਔਰਤ ਸੂਤਰਧਾਰ**: ਜੀ ਆਇਆਂ ਨੂੰ ਜੀ ! ਸੁਆਗਤ ਹੈ ਸਾਰੇ ਸ੍ਰੋਤਿਆਂ ਦਾ ! ...... ਵਿਦਿਆਰਥੀਆਂ ਦਾ, ਅਧਿਆਪਕਾਂ ਦਾ, ਬੱਚਿਆਂ ਦਾ, ਤੇ ਹੋਰ ਸਾਰਿਆਂ ਦਾ ਅੱਜ ਦੀ ਕੜੀ "**ਉਮੀਦ ਦੀ ਕਿਰਨ**" ਵਿੱਚ !

**ਮਰਦ ਸੂਤਰਧਾਰ**: ਪਿਛਲੀ ਕੜੀ ਵਿੱਚ ਤੁਸੀਂ ਸੁਣਿਆ ਸੀ ਨਾਟਕ "**ਕੁਝ ਕਦਮ ਪਿੱਛੇ**", ਸੁਣਿਆ ਸੀ ਕਿ ਕਿਵੇਂ

ਅਸੀਂ ਕਰ ਸਕਦੇ ਹਾਂ ਟਿਕਾਊ ਵਿਕਾਸ ਇੱਕ ਵਾਰ ਆਪਣੇ ਭੂਤਕਾਲ ਵਿੱਚ ਕੀਤੀਆਂ ਜਾਂਦੀਆਂ ਗਤੀਵਿਧੀਆਂ ਅਤੇ ਜੀਵਣਸ਼ੈਲੀ ਤੇ ਮਾਰ ਕੇ ਇੱਕ ਝਾਤ !

**ਔਰਤ ਸੂਤਰਧਾਰ**: ਜੀ ! ਸੁਣਾਈ ਸੀ ਕਹਾਣੀ ਕਿ ਮੌਜੂਦਾ ਵਿਕਾਸ ਦੇ ਕੁਦਰਤ ਵਿਰੋਧੀ ਮਾਡਲ ਕਾਰਨ ਅਸੀਂ ਕਿਵੇਂ ਕਿਸੇ ਡੂੰਘੇ ਖੱਡੇ ਵੱਲ ਨੂੰ ਧੱਕੇ ਜਾ ਰਹੇ ਹਾਂ !

**ਮਰਦ ਸੂਤਰਧਾਰ**: ਸੁਣਾਈ ਸੀ ਗਾਥਾ ਕਿ ਕਿਵੇਂ ਅਸੀਂ ਕਰ ਸਕਦੇ ਹਾਂ ਤਰੱਕੀ, ਮਾਰ ਕੇ ਝਾਤ ਆਪਣੇ ਪਿਛੋਕੜ 'ਤੇ !

**ਔਰਤ ਸੂਤਰਧਾਰ**:ਹਾਂ ! ਦੱਸਿਆ ਖੇਤੀ ਦੀ ਲੈ ਕੇ ਉਦਹਾਰਣ ਕਿ ਕਿਵੇਂ ਰਸਾਇਣ ਅਧਾਰਤ ਤੇ ਕੀਟ ਮਾਰੂ ਖੇਤੀ ਵਿਵਸਥਾ ਨੇ ਕੀਤਾ ਹੈ ਕੁਦਰਤ ਨੂੰ , ਖੇਤੀ ਨੂੰ ਤੇ ਕਿਸਾਨੀ ਨੂੰ ਤਬਾਹ ?

**ਮਰਦ ਸੂਤਰਧਾਰ**: ਸੁਣਾਇਆ ਸੀ ਬ੍ਰਿਤਾਂਤ ਕਿ ਕਿਵੇਂ ਹਰੇ ਇਨਕਲਾਬ ਦੇ ਲੜ ਲੱਗ ਕੇ ਅਸੀਂ ਕਰ ਲਿਆ ਹੈ ਆਪਣੇ ਰਵਾਇਤੀ ਖੇਤੀ ਸ੍ਰੋਤਾਂ ਦਾ ਨੁਕਸਾਨ ?

**ਔਰਤ ਸੂਤਰਧਾਰ**: ਇਹ ਵੀ ਸੁਣਿਆ ਸੀ ਤੁਸੀਂ ਕਿ ਕਿਵੇਂ ਹੋ ਗਈ ਖੇਤੀ ਦੀ ਅਰਥਵਿਵਸਥਾ ਤਹਿਸ - ਨਹਿਸ !

**ਮਰਦ ਸੂਤਰਧਾਰ**: ਇਸ ਨਮੂਨੇ ਕਾਰਨ ਦਿੱਤੀ ਸੀ ਇਹ ਵੀ ਜਾਣਕਾਰੀ ਕਿ ਕਿਵੇਂ ਹੋ ਰਹੇ ਨੇ ਰੁਜਗਾਰ ਖਤਮ ਇਸ ਰੁਜਗਾਰ ਰਹਿਤ ਕੁਦਰਤ ਵਿਰੋਧੀ ਵਿਕਾਸ ਮਾਡਲ ਨਾਲ !

**ਔਰਤ ਸੂਤਰਧਾਰ**: ਸੁਣਿਆ ਤਾਂ ਇਹ ਵੀ ਸੀ ਕਿ ਕਿਵੇਂ ਇਕੱਠੀ ਹੋ ਰਹੀ ਹੈ ਦੌਲਤ ਦੇਸ ਦੀ, ਮੁੱਠੀ ਭਰ ਧਨ-ਕੁਬੇਰਾਂ ਦੇ ਕੋਲ !

**ਮਰਦ ਸੂਤਰਧਾਰ**: ਸੁਣਾਈ ਸੀ ਕਹਾਣੀ ਇਹ ਵੀ ! ਕਿ ਕਿਵੇਂ ਸਾਡੀ ਬਹੁ ਗਿਣਤੀ ਯਾਣੀ 90 % ਕਰਦੀ ਹੈ ਗੁਜਾਰਾ ਕੇਵਲ 21% ਦੌਲਤ ਨਾਲ !

**ਔਰਤ ਸੂਤਰਧਾਰ**: ਤੇ ਅੱਜ ਅਸੀਂ ਪੇਸ਼ ਕਰ ਰਹੇ ਹਾਂ ਆਪ ਦੇ ਸਨਮੁੱਖ ਲੜੀਵਾਰ "ਟਿਕਾਊ ਵਿਕਾਸ- **ਚਲਦੀ ਰਹੇ ਇਹ ਜਿੰਦਗੀ**" ਦੀ ਅਗਲੀ ਕੜੀ "**ਉਮੀਦ ਦੀ ਕਿਰਨ**"!

**ਮਰਦ ਸੂਤਰਧਾਰ**: ਇਸ ਕੜੀ ਵਿੱਚ ਸਾਡੀ ਪੇਸ਼ਕਾਰੀ ਹੈ ਕਿ ਕਿਵੇਂ ਲੋੜ ਹੈ ਸਾਨੂੰ ਟਿਕਾਊ ਵਿਕਾਸ ਦੇ ਵੱਖ ਵੱਖ ਪਹਿਲੂਆਂ ਨੂੰ ਸਮਝਣ ਦੀ ? ਕਿਵੇਂ ਇਹ ਪਹਿਲੂ ਜਗਾਉਂਦੇ ਨੇ ਆਸ ਦੀ ਇੱਕ ਕਿਰਣ ਸਾਡੇ ਅੰਦਰ !

**ਔਰਤ ਸੂਤਰਧਾਰ** : ਲਉ ਜੀ ! ਕਰੋ ਬ੍ਰਿਤੀਆਂ ਇਕਾਗਰ ! ਸੁਣੋ ! ਕਰ ਲਈਓ ਆਪਣੇ ਸ਼ੰਕੇ ਵੀ ਨੋਟ ! ਸੁਣੋ ਤੇ ਸਮਝੋ "**ਚਲਦੀ ਰਹੇ ਇਹ ਜਿੰਦਗੀ**" ਦੀ ਇਸ ਅੱਠਵੀਂ ਕੜੀ , "**ਉਮੀਦ ਦੀ ਕਿਰਨ" ਦੇ ਵਿੱਚ ਸੁਣਾਈ ਜਾ ਰਹੀ ਕਹਾਣੀ ਨੂੰ !**

**ਮਰਦ ਸੂਤਰਧਾਰ**: ਕਹਾਣੀ ਜਿਸ ਵਿੱਚ ਨੇ ਟਿਕਾਊ ਵਿਕਾਸ ਦੇ ਭਿੰਨ-ਭਿੰਨ ਘਟਕ ; ਪਾਣੀ ਤੇ ਊਰਜਾ ਸੁਰੱਖਿਆ, ਆਫਤਾਂ ਤੋਂ ਬਚਾਅ, ਜੈਵਿਕ ਖੇਤੀ, ਸਮਾਰਟ ਸਿਟੀ, ਬਿਮਾਰੀਆਂ ਤੋਂ ਬਚਾਅ ਆਦਿ !

**ਸੰਗੀਤ**

**ਐਲਾਨ:** ਲਓ ਜੀ ! ਪੇਸ਼ ਹੈ , ਵਿਗਿਆਨ-ਪ੍ਰਸਾਰ ਨਵੀਂ ਦਿੱਲੀ, ਦੇ ਸਹਿਯੋਗ ਨਾਲ , ਆਕਾਸ਼ਵਾਣੀ ਜਲੰਧਰ (ਆਲ ਇੰਡੀਆ ਰੇਡਿਓ) ਵੱਲੋਂ ਵਿਗਿਆਨ ਲੜੀਵਾਰ "ਟਿਕਾਊ ਵਿਕਾਸ- **ਚਲਦੀ ਰਹੇ ਇਹ ਜਿੰਦਗੀ**" ਦੀ ਅੱਠਵੀਂ ਕੜੀ , **"ਉਮੀਦ ਦੀ ਕਿਰਨ"! ਇਉਂ ਕਰਦੇ ਨੇ ਪੇਸ਼ਕਾਰੀ ਸਾਡੇ ਕਲਾਕਾਰ "ਉਮੀਦ ਦੀ ਕਿਰਨ" ਦੀ !**

**(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਚੱਲ ਰਿਹਾ ਹੈ )**

( ਦਵਿੰਦਰ ਤੇ ਵਸੁਧਾ ਦਾ ਘਰ ! ਸਾਰੇ ਪਾਤਰ ਆਪਸ ਵਿਚ ਬੈਠ ਕੇ ਗੱਲ-ਬਾਤ ਕਰ ਰਹੇ ਹਨ।)

**ਦਵਿੰਦਰ:** ਰਾਕੇਸ਼ ਜੀ, ਤੁਹਾਡੀ ਇਹ ਗੱਲ ਤਾਂ ਗਲਤ ਹੈ ਕਿ ਤੁਸੀਂ ਇਕੱਲੇ ਹੀ ਆਏ ਹੋ। ਪਰਿਵਾਰ ਨੂੰ ਵੀ ਨਾਲ ਲਿਆਉਂਦੇ ਉਨ੍ਹਾਂ ਨੂੰ ਵੀ ਦਿੱਲੀ ਘੁੰਮਾ ਦਿੰਦੇ।

**ਵਸੁਧਾ:** ਵੈਸੇ ਜਦੋਂ ਰਾਕੇਸ਼ ਪਿਛਲੀ ਵਾਰ ਆਇਆ ਸੀ ਤਾਂ ਇਸ ਨੇ ਵਾਅਦਾ ਕੀਤਾ ਸੀ ਕਿ ਪਰਿਵਾਰ ਦੇ ਨਾਲ ਹੀ ਆਉਣਗੇ। ਪਰ ਅਜੇ ਤੱਕ ਇਨ੍ਹਾਂ ਦੀ ਕਾਲਜ ਵਾਲੀ ਆਦਤ ਨਹੀਂ ਗਈ। ਆਪਣੀ ਕਹੀ ਗੱਲ ਵੀ ਭੁੱਲ ਜਾਂਦੇ ਹਨ।

**ਰਾਕੇਸ਼:** (ਹੱਸਦੇ ਹੋਏ): ਵਸੁਧਾ ਤੁਹਾਨੂੰ ਵੀ ਪੁਰਾਣੀ ਹਰ ਗੱਲ ਯਾਦ ਰਹਿੰਦੀ ਹੈ। ਖੈਰ! ਹੁਣ ਤਾਂ ਪ੍ਰੋਗਰਾਮ ਅਚਾਨਕ ਹੀ ਬਣ ਗਿਆ ।ਇਮਤਿਹਾਨ ਨੇੜੇ ਹੋਣ ਕਰਕੇ ਬੱਚੇ ਵੀ ਨਹੀਂ ਆ ਸਕੇ ।ਹਾਂ ! ਪਰ ਇਸ ਵਾਰ ਛੁੱਟੀਆਂ ਵਿਚ ਅਸੀਂ ਦਿੱਲੀ ਤੇ ਚੰਡੀਗੜ੍ਹ ਘੁੰਮਣ ਦਾ ਪ੍ਰੋਗਰਾਮ ਬਣਾ ਰੱਖਿਆ ਹੈ।

**ਮੋਨਿਕਾ:** ਅੰਕਲ, ਫਿਰ ਤਾਂ ਅਸੀਂ ਵੀ ਤੁਹਾਡੇ ਨਾਲ ਚੰਡੀਗੜ੍ਹ ਚੱਲਾਂਗੇ।ਸੁਣਿਆ ਹੈ ਬਹੁਤ ਹੀ ਖ਼ੂਬਸੂਰਤ ਸ਼ਹਿਰ ਹੈ।

**ਰਾਕੇਸ਼:** ਹਾਂ..., ਇਕੱਠੇ ਚੱਲਾਂਗੇ, ਬਹੁਤ ਮਜ਼ਾ ਆਏਗਾ ਤੇ ਉਸ ਤੋਂ ਪਹਿਲਾਂ ਤੁਹਾਡੇ ਨਾਲ ਦਿੱਲੀ ਘੁੰਮਾਗੇ।

**ਲੱਕੀ:** ਵਾਹ! ਅੰਕਲ, ਮੈਨੂੰ ਤਾਂ ਘੁੰਮਣ ਵਿਚ ਬਹੁਤ ਮਜ਼ਾ ਆਉਂਦਾ ਹੈ। ਪਹਿਲਾ ਅਸੀਂ ਇੰਡੀਆ ਗੇਟ ਜਾਵਾਂਗੇ। ਕਿੰਨੀ ਸ਼ਾਂਤੀ ਮਿਲਦੀ ਹੈ ਉਥੇ, ਖੁੱਲ੍ਹਾ-ਡੁੱਲ੍ਹਾ ਮੈਦਾਨ। ਸਾਹਮਣੇ ਰਾਸ਼ਟਰਪਤੀ ਭਵਨ ਤੇ ਨਾਲ ਹੀ ਸੰਸਦ ਭਵਨ।

**ਵਸੁਧਾ:** ਮੇਰਾ ਦਫ਼ਤਰ ਵੀ ਤਾਂ ਉਸ ਤੋਂ ਥੋਹੜੀ ਜਿਹੀ ਦੂਰੀ 'ਤੇ ਹੀ ਹੈ ?

**ਮੋਨਿਕਾ:** ਹਾਂ ਅੰਕਲ, ਉਸਦੇ ਬਾਅਦ ਅਸੀਂ ਮੰਮੀ ਦੇ ਦਫ਼ਤਰ , ਰਾਸ਼ਟਰੀ ਵਿਗਿਆਨ ਕੇਂਦਰ ਜਾਵਾਂਗੇ।

**ਦਵਿੰਦਰ:**ਹਾਂ... ਹਾਂ... ਬੱਚਿਆਂ ਨੂੰ ਉਥੇ ਬਹੁਤ ਮਜ਼ਾ ਆਏਗਾ ਅਤੇ ਉਹ ਨਵੀਆਂ ਗੱਲਾਂ ਸਿੱਖਣਗੇ। ਬੱਚੇ ਅਕਸਰ ਹੀ ਪੁੱਛਦੇ ਰਹਿੰਦੇ ਹਨ ਕਿ ਵਸੁਧਾ ਆਂਟੀ ਵਿਗਿਆਨ ਅਧਿਕਾਰੀ ਹਨ ਤਾਂ ਉਨ੍ਹਾਂ ਦਾ ਵਿਗਿਆਨ ਸੰਗ੍ਰਹਿ ਵਿਚ ਕੀ ਕੰਮ ਹੁੰਦਾ ਹੈ।ਉਹ ਵੀ ਦੇਖ ਲੈਣਗੇ ਕਿ ਵਸੁਧਾ ਆਂਟੀ ਕੀ ਕਰਦੇ ਹਨ?

**ਵਸੁਧਾ:** ਹਾਂ...ਕਿਉਂ ਨਹੀਂ। ਵੈਸੇ ਸਾਡੇ ਐਥੇ ਬਹੁਤ ਰੋਚਕ ਢੰਗ ਨਾਲ ਵਿਗਿਆਨ ਨੂੰ ਸਮਝਾਇਆ ਜਾਂਦਾ ਹੈ।

**ਰਾਕੇਸ਼:** ਅਕਬਾਰ ਦੀ ਖਬਰ ਸੀ ਕਿ ਉਥੇ ਤਾਂ ਡਾਇਨਾਸੋਰ ਦਾ ਇੱਕ ਬਹੁਤ ਵੱਡਾ ਮਾਡਲ ਵੀ ਲਗਾਇਆ ਗਿਆ ਹੈ !

**ਵਸੁਧਾ:** ਹਾਂ...ਪਿਛਲੇ ਮਹਿਨੇ ਹੀ ਡਾਇਨਾਸੋਰ ਦੇ ਮਾਡਲ ਨੂੰ ਲਿਆਂਦਾ ਗਿਆ ਸੀ।

**ਲੱਕੀ:** ਕਾਸ਼! ਡਾਇਨਾਸੋਰ ਅਸਲੀ ਹੁੰਦਾ। ਕਿੰਨਾ ਵੱਡਾ ਹੁੰਦਾ। ਦੇਖਣ ਵਿਚ ਬਹੁਤ ਮਜ਼ਾ ਆਉਦਾ।

**ਮੋਨਿਕਾ:** (ਹੱਸਦੇ ਹੋਏ): ਮਜ਼ਾ ਤਾਂ ਫਿਰ ਆਉਂਦਾ ਜੇਕਰ ਉਹ ਤੈਨੂੰ ਜਿਉਂਦਾ ਛੱਡਦਾ।

**ਲੱਕੀ:** ਦੀਦੀ, ਜਦੋਂ ਮਨੁੱਖ ਨੇ ਹਾਥੀ ਵਰਗੇ ਜਾਨਵਰ ਨੂੰ ਕਾਬੂ ਵਿਚ ਕਰ ਲਿਆ ਹੈ ਤਾਂ ਥੋੜ੍ਹੀ ਮਿਹਨਤ ਨਾਲ ਉਹ ਡਾਇਨਾਸੋਰ ਨੂੰ ਵੀ ਕਾਬੂ ਵਿਚ ਕਰ ਲੈਂਦਾ।

**ਮੋਨਿਕਾ:** ਹਾਂ, ਮਨੁੱਖ ਉਸਨੂੰ ਕਾਬੂ ਕਰ ਲੈਂਦਾ ਜੇ ਉਹ ਹਜ਼ਾਰਾਂ ਸਾਲ ਪਹਿਲਾਂ ਹੀ ਧਰਤੀ ਤੋਂ ਅਲੋਪ ਨਾ ਹੋਇਆ ਹੁੰਦਾ!

**ਲੱਕੀ:** ਪਰ ਅਜਿਹਾ ਕੀ ਹੋਇਆ ਜਿਸ ਨਾਲ ਐਨੇ ਭਾਰੀ ਅਤੇ ਸ਼ਕਤੀਸ਼ਾਲੀ ਜੀਵ ਦੀ ਹੋਂਦ ਹੀ ਮਿਟ ਗਈ?

**ਰਾਕੇਸ਼:** ਬੱਚਿਓ! ਹਾਲਾਂਕਿ ਇਸ ਬਾਰੇ ਅਜੇ ਤੱਕ ਪੂਰਾ ਸੱਚ ਤਾਂ ਪਤਾ ਨਹੀਂ ਲੱਗਿਆ, ਪਰ ਵਿਗਿਆਨੀਆਂ ਦੇ ਅਨੁਸਾਰ ਕੁਝ ਅਜਿਹੇ ਕਾਰਨ ਰਹੇ ਹੋਣਗੇ ਜਿਸ ਨਾਲ ਧਰਤੀ ਤੋਂ ਇਸ ਜੀਵ ਦਾ ਖ਼ਾਤਮਾ ਹੋ ਗਿਆ।

**ਵਸੁਧਾ:** ਬੱਚਿਓ ! ਕੁਝ ਵਿਗਿਆਨੀਆਂ ਦਾ ਮੰਨਣਾ ਹੈ ਕਿ ਕਿਸੇ ਵਿਸ਼ਾਲ ਉਲਕਾ ਪਿੰਡ ਦੇ , ਧਰਤੀ ਨਾਲ ਟਕਰਾਉਣ ਕਰਕੇ ਨਵੀਆਂ ਸਥਿਤੀਆਂ ਬਣਨ ਕਾਰਨ, ਹੋਇਆ ਖਾਤਮਾ ਇਸ ਵਿਸ਼ਾਲ ਜੀਵ ਦਾ ! ਦਰਅਸਲ, ਇਸ ਬਾਰੇ ਚੰਗੀ ਤਰ੍ਹਾਂ ਤਾਂ ਕੋਈ ਵਾਤਾਵਰਨ ਮਾਹਿਰ ਹੀ ਦੱਸ ਸਕਦਾ ਹੈ।

**ਲੱਕੀ:** ਅੰਕਲ ਵੀ ਤਾਂ ਵਾਤਾਵਰਨ ਵਿਗਿਆਨ ਹੀ ਪੜ੍ਹਾਉਂਦੇ ਹਨ?

**ਮੋਨਿਕਾ:** ਤੇ ਲੱਕੀ ਨੂੰ ਅੰਕਲ ਦੀ ਗੱਲ ਵੀ ਛੇਤੀ ਸਮਝ ਆ ਜਾਂਦੀ ਹੈ।

**ਰਾਕੇਸ਼:** ਬੱਚਿਓ, ਕੁਝ ਲੋਕਾਂ ਦਾ ਮੰਨਣਾ ਹੈ ਕਿ ਡਾਇਨਾਸੋਰ ਧਰਤੀ ਦੀ ਬਦਲਦੀ ਜਲਵਾਯੂ ਵਿਚ ਆਪਣੇ-ਆਪ ਨੂੰ ਢਾਲ ਨਹੀਂ ਸਕੇ ਹੋਣਗੇ। ਜਿਸ ਕਾਰਨ ਉਹ ਧਰਤੀ ਤੋਂ ਅਲੋਪ ਹੋ ਗਏ।

**ਦਵਿੰਦਰ:** ਪਰ ਜਲਵਾਯੂ ਪਰਿਵਰਤਨ ਦਾ ਖ਼ਤਰਾ ਤਾਂ ਅੱਜ ਵੀ ਮੰਡਰਾ ਰਿਹਾ ਹੈ ! ਰੋਜ਼ਾਨਾ ਹੀ ਅਖ਼ਬਾਰਾਂ ਵਿੱਚ ਜਲਵਾਯੂ ਪਰਿਵਰਤਨ ਨਾਲ ਸਬੰਧਿਤ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ।

**ਲੱਕੀ:** (ਘਬਰਾਉਂਦੇ ਹੋਏ) ਤਾਂ ਇਸ ਵਾਰ ਕਿਤੇ ਆਪਣੀ ਮਨੁੱਖਾਂ ਦੀ ਵਾਰੀ ਤਾਂ ਨਹੀਂ ? ਕਿਤੇ ਅਜਿਹਾ ਨਾ ਹੋ ਜਾਵੇ ਕਿ ਜਲਵਾਯੂ ਵਿਚ ਹੋਣ ਵਾਲੇ ਜ਼ਬਰਦਸਤ ਬਦਲਾਉ ਦੇ ਕਾਰਨ ਮਨੁੱਖਾਂ ਦਾ ਹੀ ਨਾਮੋ-ਨਿਸ਼ਾਨ ਹੀ ਮਿਟ ਜਾਏ।

**ਮੋਨਿਕਾ:** ਹਾਂ ! ਜੇ ਕਰ ਆਲਮੀ ਤਪਸ਼ (ਗਲੋਬਲ ਵਾਰਮਿੰਗ) ਵਰਗੀ ਸਮੱਸਿਆ ਇਸੇ ਤਰ੍ਹਾਂ ਵਧਦੀ ਰਹੀ ਤਾਂ ਹੋ ਸਕਦਾ ਹੈ ਕਿ ਭਵਿੱਖ ਵਿਚ ਸਾਨੂੰ ਬਹੁਤ ਵੱਡੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਏ।

**ਵਸੁਧਾ:** ਘਬਰਾਉ ਨਾ ਬੱਚਿਓ। ਇਸ ਬਾਰ ਅਜਿਹਾ ਹੋਣੋ ਰੋਕਣ ਲਈ ਅਸੀਂ ਤਿਆਰ ਹੋ ਰਹੇ ਹਾਂ ! ਹੁਣ ਅਸੀਂ ਇਸ ਸਮੱਸਿਆ ਦੇ ਕਾਰਨਾਂ ਨੂੰ ਸਮਝ ਲਿਆ ਹੈ। ਅਸੀਂ ਸਮਝ ਗਏ ਹਾਂ ਕਿ ਸਾਨੂੰ ਇਸ ਧਰਤੀ ਦੀ ਲੁੱਟ ਨਹੀਂ ਕਰਨੀ ਚਾਹੀਦੀ ਸਗੋਂ ਇਸ ਨੂੰ ਬਚਾ ਕੇ ਰੱਖਣਾ ਚਾਹੀਦਾ ਹੈ !

**ਮੋਨਿਕਾ:** ਧਰਤੀ ! ਇਹ ਵਸਦੀ ਧਰਤੀ ! ਵਿੱਚ ਵਿਰਾਸਤ ਮਿਲੀ ਅਸਾਂ ਨੂੰ ਵਿੱਚ ਵਿਰਾਸਤ ਦੇ ਕੇ ਜਾਣਾ !

**ਰਾਕੇਸ਼:** ਹਾਂ!ਇਸੇ ਲਈ ਤਾਂ ਪੂਰੇ ਵਿਸ਼ਵ ਵਿਚ ਟਿਕਾਊ ਵਿਕਾਸ (ਸਸਟੇਨੇਬਲ ਡਵੈਲਪਮੈਂਟ) ਦੀਆਂ ਗੱਲਾਂ ਹੁੰਦੀਆਂ ਨੇ!

**ਦਵਿੰਦਰ:**ਬੱਚਿਓ। ਅੰਕਲ ਵੀ ਤਾਂ ਟਿਕਾਊ ਵਿਕਾਸ 'ਤੇ ਹੋ ਰਹੇ ਇਕ ਅੰਤਰਰਾਸ਼ਟਰੀ ਸੰਮੇਲਣ ਵਿਚ ਭਾਗ ਲੈਣ ਆਏ ਹਨ।ਉਹ ਵਿਕਾਸ ਜਿਸ ਵਿਚ ਵਿਕਾਸ ਦੇ ਨਾਲ-ਨਾਲ ਧਰਤੀ ਦੇ ਭਿੰਨ-ਭਿੰਨ ਘਟਕਾਂ ਦੀ ਵਰਤੋਂ ਇਸ ਪ੍ਰਕਾਰ ਕੀਤੀ ਜਾਵੇ ਕਿ ਕੁਦਰਤੀ ਸੰਤੁਲਣ ਵੀ ਬਣਿਆ ਰਹਿ ਸਕੇ ਤੇ ਅਸੀਂ ਸਾਰੇ ਆਪਣੀ ਜ਼ਰੂਰਤਾਂ ਨੂੰ ਪੂਰਾ ਵੀ ਕਰਦੇ ਰਹੀਏ ।

**ਰਾਕੇਸ਼:** ਅਰਥਾਤ ਅਜਿਹਾ ਵਿਕਾਸ ਜਿਹੜਾ ਕੁਦਰਤ ਨਾਲ ਇਕਸੁਰਤਾ ਵਾਲਾ ਹੋਵੇ। ਜਿਸ ਵਿਚ ਅਸੀਂ ਧਰਤੀ ਦੇ ਭਿੰਨ-ਭਿੰਨ ਸ੍ਰੋਤਾਂ ਦੀ ਲੋੜ ਅਨੁਸਾਰ ਹੀ ਕਰੀਏ ਵਰਤੋਂ ! ਵਿਕਾਸ ਅਜਿਹਾ ਹੋਵੇ ਜਿਸ ਵਿਚ ਹਵਾ,ਪਾਣੀ ਅਤੇ ਮਿੱਟੀ ਨੂੰ ਬਿਨਾਂ ਪ੍ਰਦੂਸ਼ਿਤ ਕੀਤੇ ਅਸੀਂ ਅੱਗੇ ਵੱਲ ਵਧਦੇ ਜਾਈਏ।

**ਵਸੁਧਾ:** ਕੁਝ ਸਾਲਾਂ ਤੋਂ ਅਸੀਂ ਮੌਜੂਦਾ ਵਿਕਾਸ ਰਾਹੀਂ ਕੁਦਰਤੀ ਸਾਧਨਾਂ ਦੀ ਬਹੁਤ ਜ਼ਿਆਦਾ ਲੁੱਟ ਕੀਤੀ ਹੈ, ਉਸ ਦੀ ਸਮਰੱਥਾ ਤੋਂ ਵੀ ਜ਼ਿਆਦਾ ਲੁੱਟ ! ਅਸੀਂ ਤਾਂ ਬਿਨਾਂ ਸੋਚੇ ਸਮਝੇ ਅਜਿਹੇ ਕੰਮ ਵੀ ਕਰਦੇ ਰਹੇ ਜਿਨ੍ਹਾਂ ਨਾਲ ਸਾਰੇ ਦਾ ਸਾਰਾ ਪਰਿਆਵਰਨ ਹੀ ਪ੍ਰਦੂਸ਼ਿਤ ਹੋ ਗਿਆ।

**ਮੋਨਿਕਾ:** ਹਾਂ ਮੰਮੀ ! ਪ੍ਰਦੂਸ਼ਣ ਤਾਂ ਅੱਜ-ਕੱਲ੍ਹ ਕਿੰਨਾ ਹੀ ਵਧ ਗਿਆ ?

**ਰਾਕੇਸ਼:** ਪਰ ਇਕ ਚੰਗੀ ਗੱਲ ਹੈ ਕਿ ਸਾਨੂੰ ਇਸ ਸਮੱਸਿਆ ਦਾ ਪਤਾ ਹੈ।ਸਾਰੇ ਨਾਗਰਿਕਾਂ ਦੇ ਜਾਗਰੂਕ ਹੋਣ ਨਾਲ ਅਸੀਂ ਇਸ ਸਮੱਸਿਆ ਨੂੰ ਹੱਲ ਕਰ ਸਕਦੇ ਹਾਂ।ਧਰਤੀ ਨੂੰ ਸਾਰਿਆਂ ਦੇ ਲਈ ਜਿਉਣਯੋਗ ਤੇ ਖੁਸ਼ਹਾਲ ਬਣਾ ਸਕਦੇ ਹਾਂ।

**ਲੱਕੀ:** ਪਰ ਅਜਿਹਾ ਹੋਇਆ ਕੀ ? ਜਿਸ ਨਾਲ ਸਦੀਆਂ ਤੋਂ ਜੀਵਨ ਦੇਣ ਵਾਲੀ ਧਰਤੀ 'ਤੇ ਪ੍ਰਦੂਸ਼ਣ ਦੇ ਬੱਦਲ ਮੰਡਰਾਉਣ ਲੱਗ ਗਏ ਹਨ ?

**ਰਾਕੇਸ਼:** ਪਿਛਲੀਆਂ ਦੋ ਸਦੀਆਂ ਤੋਂ ਮਨੁੱਖੀ ਜਨਸੰਖਿਆ ਦੇ ਵਧ ਗਈ! ਕੁਦਰਤੀ ਸਾਧਨਾਂ ਦੀ ਮੰਗ ਵਿਚ ਵਾਧਾ ਹੋ ਗਿਆ! ਮਨੁੱਖ ਦੁਆਰਾ ਬਣਾਏ ਗਏ ਰਸਾਇਣ ਜਿਵੇਂ ਖਾਦਾਂ, ਪਲਾਸਟਿਕ ਤੇ ਕੀਟਨਾਸ਼ਕ ਆਦਿ ਕੁਦਰਤੀ ਵਾਤਾਵਰਨ ਵਿਚ ਰਲ ਗਏ! ਸਾਡੀ ਜੀਵਣ ਸ਼ੈਲੀ ਅਜਿਹੀ ਹੋ ਗਈ, ਅਸੀਂ ਵੱਧ ਤੋਂ ਵੱਧ ਸ਼ਰੋਤ ਵਰਤ ਰਹੇ ਹਾਂ ! ਵੱਧ ਤੋਂ ਵੱਧ ਫੋਕਟ ਸੁੱਟ ਰਹੇ ਹਾਂ! ਵਿਕਾਸ ਦੇ ਇਸ ਮਾਡਲ ਨੇ 'ਵਰਤੋ ਤੇ ਸੁਟੋ' ਸਭਿਆਚਾਰ ਪੈਦਾ ਕਰ ਦਿੱਤਾ! ਇਸ ਨਾਲ ਵਿਸ਼ਵ ਵਾਤਾਵਰਨ ਅਤੇ ਮਨੁੱਖੀ ਜਾਤੀ 'ਤੇ ਮਾੜਾ ਪ੍ਰਭਾਵ ਪਿਆ ਹੈ। ਵੈਸੇ ਦਵਿੰਦਰ! ਸੀ.ਏ. ਹੋਣ ਦੇ ਕਾਰਨ ਤੁਸੀਂ ਇਸ ਹਿਸਾਬ ਕਿਤਾਬ ਨੂੰ ਚੰਗੇ ਤਰੀਕੇ ਨਾਲ ਸਮਝਾ ਸਕਦੇ ਹੋ।

**ਦਵਿੰਦਰ:**ਬੱਚਿਓ। ਧਰਤੀ ਨੇ ਮਨੁੱਖ ਨੂੰ ਬਹੁਤ ਕੁਝ ਦਿੱਤਾ। ਪਰ ਮਨੁੱਖ ਦਾ ਲਾਲਚ ਵਧਦਾ ਗਿਆ ਅਤੇ ਅੱਜ ਸਥਿਤੀ ਅਜਿਹੀ ਹੈ ਕਿ ਧਰਤੀ ਦਾ ਸਾਧਨਾਂ ਵਾਲਾ ਬੈਂਕ ਤੇਜ਼ੀ ਨਾਲ ਖਾਲੀ ਹੁੰਦਾ ਜਾ ਰਿਹਾ ਹੈ। ਜੇਕਰ ਇਹੀ ਹਾਲ ਰਿਹਾ ਤਾਂ ਇਕ ਦਿਨ ਕੁਦਰਤੀ ਸਾਧਨ ਖ਼ਤਮ ਹੋ ਜਾਣਗੇ। ਫਿਰ ਸਾਡੇ ਕੋਲ ਹੱਥ ਮਲਣ ਤੋਂ ਇਲਾਵਾ ਕੁਝ ਨਹੀਂ ਬਚੇਗਾ।

**ਰਾਕੇਸ਼:** ਹਾਂ ਬੇਟਾ ! ਮਨੁੱਖੀ ਜਾਤੀ ਨੇ ਬਿਨਾ ਸ਼ਰਮ ਕੀਤੇ ਆਪਣੇ ਸਵਾਰਥ ਵਸ, ਧਰਤੀ 'ਤੇ ਨਿਯੰਤਰਨ ਕਰਨ ਅਤੇ ਉਸਦਾ ਸ਼ੋਸ਼ਣ ਕਰਨ ਦਾ ਯਤਨ ਕੀਤਾ ਹੈ।

**ਵਸੁਧਾ:** ਅਤੇ ਇਸ ਆਦਤ ਨੇ ਕੁਦਰਤ ਦੇ ਸੰਤੁਲਣ ਲਈ ਹੀ ਖ਼ਤਰਾ ਪੈਦਾ ਕਰ ਦਿੱਤਾ। ਅਸਲ ਵਿਚ ਮਨੁੱਖੀ ਗਲਤੀਆਂ ਕਾਰਨ ਕੁਦਰਤੀ ਵਾਤਾਵਰਨ ਦੀ ਸ਼ਕਤੀ ਸੀਮਤ ਹੋ ਗਈ ਹੈ।

**ਰਾਕੇਸ਼:** ਹੁਣ ਸਾਰਿਆਂ ਦੀ ਭਲਾਈ ਦੇ ਲਈ ਬੱਸ ਇਕ ਹੀ ਰਸਤਾ ਹੈ ! ਉਹ ਹੈ ਟਿਕਾਊ ਵਿਕਾਸ ਦਾ - ਅਜਿਹਾ ਵਿਕਾਸ ਜਿਸ ਵਿਚ ਹਵਾ, ਪਾਣੀ, ਬਿਜਲੀ ਸਮੇਤ , ਸਾਰੇ ਕੁਦਰਤੀ ਸਾਧਨਾਂ ਦੀ ਸੁਰੱਖਿਆ ਵੀ ਹੋਵੇ ਤੇ ਵਰਤੋਂ ਵੀ ।

**ਦਵਿੰਦਰ:**ਇਸ ਦੇ ਨਾਲ ਹੀ ਸਮਾਜਿਕ ਵਿਗਿਆਨ ਨੇ ਸਾਡਾ ਧਿਆਨ ਨਿਆ ਸੰਗਤ ਆਰਥਿਕ ਵਿਕਾਸ ਦੇ ਮਹੱਤਵ ਦੇ ਵੱਲ ਵੀ ਦੇਣ ਦੀ ਲੋੜ ਵੱਲ ਵੀ ਖਿਚਿਆ ਹੈ।

**ਮੋਨਿਕਾ:** ਤਾਂ ਕੀ ਵਿਸ਼ਵ ਪੱਧਰ 'ਤੇ ਇਸ ਦਿਸ਼ਾ ਵੱਲ ਯਤਨ ਕੀਤੇ ਜਾ ਰਹੇ ਹਨ?

**ਰਾਕੇਸ਼:** ਹਾਂ ! ਸੰਨ 1992 ਵਿੱਚ ਰਿਉ-ਡੀ-ਜੇਨੇਰਿਓ ਵਿਖੇ ਸੰਯੁਕਤ ਰਾਸ਼ਟਰ ਦੇ ਵਾਤਾਵਰਨ ਅਤੇ ਵਿਕਾਸ ਸੰਮੇਲਣ ਦੌਰਾਨ, ਇਸ ਦਿਸ਼ਾ ਵਿਚ ਯਤਨ ਆਰੰਭ ਹੋਏ। ਉਸ ਸੰਮੇਲਨ ਵਿਚ ਗਰੀਬੀ, ਉਪਭੋਗਤਾ ਤੌਰ ਤਰੀਕੇ, ਸਿਹਤ,

ਵਾਤਾਵਰਨ ਅਤੇ ਜੈਵਿਕ ਵੰਨ-ਸੁਵੰਨਤਾ ਦੀ ਸੁਰੱਖਿਆ ਵਰਗੇ ਅਨੇਕਾਂ ਵਿਸ਼ਿਆਂ 'ਤੇ ਵਿਸਥਾਰਪੂਰਵਕ ਚਰਚਾ ਹੋਈ। ਟਿਕਾਊ ਵਿਕਾਸ ਦੇ ਲਈ ਵਿਸ਼ਵ ਸਾਂਝੇਦਾਰੀ 'ਤੇ ਸਹਿਮਤੀ ਬਣੀ ਅਤੇ ਟਿਕਾਊ ਵਿਕਾਸ ਦੇ ਟੀਚੇ ਵੀ ਮਿੱਥੇ ਗਏ।

**ਦਵਿੰਦਰ:** ਕੀ ਇਨ੍ਹਾਂ ਟੀਚਿਆਂ ਨਾਲ ਕੋਈ ਪ੍ਰਾਪਤੀ ਵੀ ਹੋਈ ? ਕੀ ਇਹ ਟੀਚੇ ਸਮਾਂ-ਬੱਧ ਵੀ ਸਨ?

**ਰਾਕੇਸ਼:** ਹਾਂ ! ਹੋਈ ਹੈ ਪ੍ਰਾਪਤੀ ! ਸੰਯੁਕਤ ਰਾਸ਼ਟਰ ਦੇ ਬਹੁਤੇ ਟੀਚਿਆਂ ਵਿੱਚ ਕਾਫੀ ਸਫ਼ਲਤਾ ਵੀ ਮਿਲੀ। ਪਰ ਅਜੇ ਵੀ ਮੰਜ਼ਿਲ ਦੂਰ ਹੈ। ਵੈਸੇ ਸਮੇਂ-ਸਮੇਂ 'ਤੇ ਇਸ ਦਿਸ਼ਾ ਵਿਚ ਹੋਰ ਵਿਚਾਰ -ਵਟਾਂਦਰਾ ਹੁੰਦਾ ਗਿਆ। ਸਾਲ 2002 ਵਿੱਚ ਜੋਹਨਸਬਰਗ ਸੰਮੇਲਣ ਵਿਚ ਵੀ ਟਿਕਾਊ ਵਿਕਾਸ 'ਤੇ ਕਾਫੀ ਚਰਚਾ ਹੋਈ।

**ਲੱਕੀ:** ਅੱਛਾ ! ਤਾਂ ਤੇ ਕਈ ਸਾਲਾਂ ਤੋਂ ਟਿਕਾਊ ਵਿਕਾਸ ਬਾਬਤ ਗੱਲਾਂ ਹੋ ਰਹੀਆਂ ਹਨ। ਪਰ ਕੀ ਐਨੇ ਸਾਲਾਂ ਵਿੱਚ ਵੀ ਕੋਈ ਠੋਸ ਕਾਰਵਾਈ ਨਹੀਂ ਹੋ ਸਕੀ?

**ਦਵਿੰਦਰ:** ਬੇਟਾ, ਜਦੋਂ ਗੱਲ ਪੂਰੇ ਵਿਸ਼ਵ ਦੀ ਹੋਵੇ ਤਾਂ ਥੋੜ੍ਹਾ ਸਮਾਂ ਤਾਂ ਲੱਗਦਾ ਹੀ ਹੈ ! ਅੱਜ ਵੀ ਸਾਰੇ ਦੇਸ਼ ਆਪੋ-ਆਪਣੇ ਫਾਇਦੇ-ਨੁਕਸਾਨ ਦੀ ਪਹਿਲਾਂ ਸੋਚਦੇ ਹਨ। ਇਸ ਲਈ ਕਿਸੇ ਇੱਕ ਗੱਲ 'ਤੇ ਸਾਰਿਆਂ ਦੀਸਹਿਮਤੀ ਹੁੰਦੇ-ਹੁੰਦੇ ਬਹੁਤ ਸਮਾਂ ਨਿਕਲ ਜਾਂਦਾ ਹੈ।

**ਰਾਕੇਸ਼:** 2015 ਵਿਚ ਸੰਯੁਕਤ ਰਾਸ਼ਟਰ ਸੰਘ ਨੇ 2030 ਤੱਕ ਦੇ ਲਈ ਟਿਕਾਊ ਵਿਕਾਸ ਦੇ ਟੀਚਿਆਂ ਦਾ ਦਸਤਾਵੇਜ਼ ਪੇਸ਼ ਕੀਤਾ ਹੈ, ਉਸ ਵਿੱਚ ਦੱਸੇ ਕੰਮਾਂ ‘ਤੇ ਅਮਲ ਨਾਲ ਦੁਨੀਆ ਵਿਚ ਬਦਲਾਅ ਆਉਣ ਦੀ ਉਮੀਦ ਕੀਤੀ ਗਈ ਹੈ !

**ਮੋਨਿਕਾ:** ਤਾਂ ਕੀ ਭਾਰਤ ਵਿਚ ਵੀ ਇਸ ਦਿਸ਼ਾ ਵਿਚ ਕੰਮ ਹੋ ਰਿਹਾ ਹੈ ?

**ਰਾਕੇਸ਼:** ਹਾਂ, ਸਾਡਾ ਨੀਤੀ ਆਯੋਗ ਟਿਕਾਊ ਵਿਕਾਸ ਦੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਨੀਤੀ ਨਿਰਧਾਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ। ਟਿਕਾਊ ਵਿਕਾਸ ਦੇ ਦਸਤਾਵੇਜ਼ ਵਿੱਚ 17 ਟੀਚੇ ਮਿੱਥੇ ਗਏ ਹਨ। ਜਿਨ੍ਹਾਂ ਵਿੱਚ 169 ਉਪ-ਵਿਸ਼ਿਆਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਟੀਚੇ ਵਿਸ਼ਵ ਪੱਧਰ 'ਤੇ ਲਾਗੂ ਹੋਣੇ ਹਨ। ਇਹ ਸਾਰਿਆਂ ਦੇ ਲਈ ਹਨ , ਚਾਹੇ ਉਹ ਵਿਕਸਿਤ ਦੇਸ਼ ਹੋਵੇ ਜਾ ਫਿਰ ਵਿਕਾਸਸ਼ੀਲ !

**ਵਸੁਧਾ:** ਇਨ੍ਹਾਂ ਟੀਚਿਆਂ ਵਿਚ ਟਿਕਾਊ ਵਿਕਾਸ ਦੇ ਤਿੰਨੇ ਮਹੱਤਵਪੂਰਨ ਪਹਿਲੂਆਂ ( ਥੰਮ੍ਹਾਂ ) ਦਾ ਸੁਮੇਲ ਹੈ।

**ਮੋਨਿਕਾ:** ਮੰਮੀ ! ਕਿਹੜੇ ਨੇ ਉਹ ਤਿੰਨ ਅਹਿਮ ਪਹਿਲੂ ?

**ਵਸੁਧਾ:** ਆਰਥਿਕ, ਸਮਾਜਿਕ ਅਤੇ ਵਾਤਾਵਰਨ ਨਾਲ ਸਬੰਧਤ ਤਿੰਨੇ ਪਹਿਲੂ !

**ਲੱਕੀ:** ਫਿਰ ਤਾਂ ਇਨ੍ਹਾਂ ਟੀਚਿਆਂ ਵਿਚ ਉਨ੍ਹਾਂ ਸਾਰੀਆਂ ਗੱਲਾਂ ਨੂੰ ਸ਼ਾਮਿਲ ਕੀਤਾ ਗਿਆ ਹੋਵੇਗਾ ਜਿਨ੍ਹਾਂ ਪ੍ਰਤੀ ਪੂਰੀ ਦੁਨੀਆ ਪ੍ਰੇਸ਼ਾਨ ਹੈ।

**ਰਾਕੇਸ਼:** ਹਾਂ, ਇਹੀ ਤਾਂ ਇਸ ਦਸਤਾਵੇਜ਼ ਦੀ ਵਿਸ਼ੇਸ਼ਤਾ ਹੈ। ਇਸ ਵਿਚ ਗਰੀਬੀ, ਭੁੱਖਮਰੀ ਅਤੇ ਬੇਰੋਜ਼ਗਾਰੀ ਤੋਂ ਮੁਕਤੀ; ਸਿੱਖਿਆ, ਸਿਹਤ ਤੇ ਲਿੰਗਕ ਬਰਾਬਰਤਾ; ਵਿਕਾਸ, ਪੀਣਯੋਗ ਪਾਣੀ ਤੇ ਸਫ਼ਾਈ; ਨਵਿਆਉਣਯੋਗ ਊਰਜਾ, ਆਰਥਿਕ ਵਿਕਾਸ, ਜਲਵਾਯੂ ਪਰਿਵਰਤਨ ਤੇ ਜੈਵ-ਵੰਨ-ਸੁਵੰਨਤਾ ਦੀ ਸੁਰੱਖਿਆ ਸਮੇਤ ਸ਼ਾਂਤੀ ਅਤੇ ਬਰਾਬਰਤਾ ਵਰਗੇ ਸਾਰੇ ਮਹੱਤਵਪੂਰਨ ਵਿਸ਼ਿਆਂ ਨੂੰ ਸ਼ਾਮਲ ਕੀਤਾ ਗਿਆ ਹੈ।

**ਲੱਕੀ:** ਸਾਡੇ ਦੇਸ਼ ਵਿਚ ਵੀ ਤਾਂ ਵਿਆਪਕ ਪੱਧਰ 'ਤੇ ਸਵੱਛ ਭਾਰਤ ਮੁਹਿੰਮ ਨੂੰ ਚਲਾਇਆ ਜਾ ਰਿਹਾ ਹੈ ?

**ਮੋਨਿਕਾ:** ਦੇਸ਼ ਵਿਚ ਤਾਂ ਚੱਲ ਰਹੀ ਹੈ, ਪਰ ਇਹ ਮੁਹਿੰਮ ਤਾਂ ਪਹਿਲਾਂ ਸਾਨੂੰ ਆਪਣੇ ਘਰ ਦੀ ਸਫ਼ਾਈ ਤੋਂ ਹੀ ਸ਼ੁਰੂ ਕਰਨੀ ਚਾਹੀਦੀ ਹੈ। ਤਾਂ ਹੀ ਸਵੱਛ ਭਾਰਤ ਦਾ ਟੀਚਾ ਪੂਰਾ ਹੋ ਸਕੇਗਾ।

**ਲੱਕੀ:** ਮੰਮੀ ! ਦੀਦੀ ਨੂੰ ਤਾਂ ਮੇਰੀ ਸ਼ਿਕਾਇਤ ਕਰਨ ਦਾ ਬਹਾਨਾ ਚਾਹੀਦਾ ਹੈ ! ਇਕ ਬਾਰ ਉਨ੍ਹਾਂ ਨੇ ਮੇਰੇ ਬੈਗ ਵਿਚੋਂ ਰੈਪਰ ਕੀ ਕੱਢੇ ਉਨ੍ਹਾਂ ਨੇ ਤਾਂ ਰਾਗ ਹੀ ਅਲਾਪਣਾ ਸੁਰੂ ਕਰ ਦਿੱਤਾ ਕਿ ਮੈਂ ਆਪਣਾ ਬੈਗ ਹੀ ਸਾਫ ਨਹੀਂ ਰੱਖਦਾ। ਇਨ੍ਹਾਂ ਦਾ ਪਰਸ ਤਾਂ ਦੇਖੋ ! ਪਤਾ ਨਹੀਂ ਕਿੰਨਾ ਨਿੱਕ - ਸੁੱਕ, ਕੂੜ-ਕਬਾੜ ਉਸ ਵਿਚ ਤੂੜਿਆ ਹੋਇਆ ਹੈ।

**ਵਸੁਧਾ:** ਬੱਸ ਕਰੋ, ਇਕ-ਦੂਜੇ ਦੇ ਨੁਕਸਾਂ ਤੇ ਉਂਗਲ ਰੱਖਣ ਦੀ ਥਾਂ ਚੰਗਾ ਹੈ ਆਪਣੀ ਮੰਜੀ ਹੇਠਾ ਸੋਟੀ ਫੇਰੋ।

**ਦਵਿੰਦਰ:**ਦਰਅਸਲ ਇਹੀ ਵਤੀਰਾ ਹੈ ਟਿਕਾਊ ਵਿਕਾਸ ਵੱਲ ਵੀ! ਹਰ ਦੇਸ਼ ਦੂਸਰੇ ਦੇਸ਼ ਦੇ ਕਾਰਬਨ ਉਤਸਰਜਨ ਅਤੇ ਕੁਦਰਤੀ ਸ੍ਰੋਤਾਂ ਦੀ ਲੁੱਟ ਕਰਨ ਬਾਰੇ ਗੱਲ ਕਰਦਾ ਹੈ। ਉਹ ਆਪਣੀਆਂ ਗਤੀਵਿਧੀਆਂ ਨੂੰ ਨਹੀਂ ਦੇਖਦਾ।

**ਰਾਕੇਸ਼:** ਠੀਕ ਕਿਹਾ ਤੁਸੀਂ, ਪਰ ਟਿਕਾਊ ਵਿਕਾਸ ਦਾ ਟੀਚਾ ਹਰ ਵਿਅਕਤੀ ਦੇ ਜੀਵਨ ਪੱਧਰ ਵਿਚ ਸੁਧਾਰ ਕਰਨਾ ਹੈ। ਸਾਰਿਆਂ ਨੂੰ ਬਰਾਬਰ ਦੇ ਮੌਕੇ ਦੇਣਾ ਅਤੇ ਬਰਾਬਰ ਸਾਧਨ ਮੁਹੱਈਆ ਕਰਵਾਉਣਾ।

**ਵਸੁਧਾ:** ਸਾਡੇ ਦੇਸ਼ ਵਿਚ ਵੀ ਇਸ ਦਿਸ਼ਾ ਵਿਚ ਕਾਫੀ ਕੰਮ ਹੋ ਰਿਹਾ ਹੈ।

**ਰਾਕੇਸ਼:** ਹਾਂ, ਜੇਕਰ ਟਿਕਾਊ ਵਿਕਾਸ ਦੀ ਵੱਖ-ਵੱਖ ਖੇਤਰਾਂ ਬਾਬਤ ਗੱਲ ਕਰੀਏ ਤਾਂ ਊਰਜਾ ਦੇ ਮਾਮਲੇ ਵਿਚ ਅਸੀਂ ਮਹੱਤਵਪੂਰਨ ਕਦਮ ਚੁੱਕਿਆ ਹੈ।ਹਰ ਘਰ ਦੀ ਊਰਜਾ ਪੂਰਤੀ ਦੇ ਲਈ ਸਵੱਛ ਊਰਜਾ ਵੱਲ ਧਿਆਨ ਦਿੱਤਾ ਗਿਆ ਹੈ।

**ਮੋਨਿਕਾ:** ਇਸੇ ਲਈ ਤਾਂ ਅਸੀਂ ਅੱਜ-ਕੱਲ੍ਹ ਸੂਰਜੀ ਊਰਜਾ ਤੇ ਪੌਣ ਊਰਜਾ 'ਤੇ ਜ਼ਿਆਦਾ ਧਿਆਨ ਦੇ ਰਹੇ ਹਾਂ !

**ਦਵਿੰਦਰ:** ਸਾਲ 2030 ਤੱਕ ਸਾਰਿਆਂ ਨੂੰ ਲੋੜੀਂਦੀ ਬਿਜਲੀ ਦੇਣ ਦੇ ਲਈ ਨਵਿਆਉਣਯੋਗ ਊਰਜਾ ਸ੍ਰੋਤਾਂ ਦੀ ਭੂਮਿਕਾ ਮਹੱਤਵਪੂਰਨ ਹੋਵੇਗੀ।

**ਰਾਕੇਸ਼:** ਅਤੇ ਇਸ ਕਦਮ ਵਿਚ ਊਰਜਾ ਦੀ ਬੱਚਤ ਵਾਸਤੇ ਬਿਜਲੀ ਦਾ ਸਮੁੱਚਾ ਅਤੇ ਸਹੀ ਉਪਯੋਗ ਕੀਤਾ ਜਾਣਾ ਮਹੱਤਵਪੂਰਨ ਹੋਵੇਗਾ । ਬਿਜਲੀ ਉਤਪਾਦਨ ਤੋਂ ਜ਼ਿਆਦਾ ਮਹੱਤਵਪੂਰਨ ਹੈ - ਪੈਦਾ ਕੀਤੀ ਬਿਜਲੀ ਦਾ ਸੁਰੱਖਿਅਣ । ਬਚਾਈ ਗਈ ਇਕ ਯੂਨਿਟ ਬਿਜਲੀ ਪੈਦਾ ਕੀਤੀ ਗਈ ਲਗਭਗ ਡੇਢ ਯੂਨਿਟ ਬਿਜਲੀ ਦੇ ਬਰਾਬਰ ਹੁੰਦੀ ਹੈ।

**ਵਸੁਧਾ:** ਟਿਕਊ ਬਿਜਲੀ ਪੂਰਤੀ ਦੇ ਲਈ ਤਾਂ ਅਧਾਰਭੂਤ ਢਾਂਚੇ ਦਾ ਵਿਸਥਾਰ ਕਰਨਾ ਹੋਵੇਗਾ। ਇਸ ਦੇ ਇਲਾਵਾ ਮੌਜੂਦਾ ਉਦਯੋਗਾਂ ਨੂੰ ਵੀ ਉੱਨਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਬਿਜਲੀ ਦੀ ਬਰਬਾਦੀ ਘੱਟ ਤੋਂ ਘੱਟ ਹੋਵੇ।

**ਮੋਨਿਕਾ:** ਅੰਕਲ, ਹੁਣ ਸਮੱਸਿਆ ਤਾਂ ਬੱਸ ਇਹ ਹੈ ਕਿ ਨਵਿਆਉਣਯੋਗ ਊਰਜਾ ਦੇ ਜੋ ਸ੍ਰੋਤ ਹਨ, ਲੋਕਾਂ ਦੀ, ਉਨ੍ਹਾਂਤੱਕ ਅਸਾਨੀ ਨਾਲ ਪਹੁੰਚ ਨਹੀਂ ਜਾਂ ਫਿਰ ਉਹ ਊਰਜਾ ਦੇ ਚਾਲੂ ਸ੍ਰੋਤਾਂ ਤੋਂ ਮਹਿੰਗੇ ਹਨ।

**ਰਾਕੇਸ਼:** ਹਾਂ ਬੇਟੀ, ਤੁਹਾਡੀ ਗੱਲ ਕੁੱਝ ਹੱਦ ਤੱਕ ਤਾਂ ਸਹੀ ਹੈ।ਪਰ ਅੱਜ-ਕੱਲ੍ਹ ਐਲ.ਈ.ਡੀ. ਵਰਗੀ ਤਕਨੀਕ ਨਾਲ ਊਰਜਾ ਸੁਰੱਖਿਅਣ ਨੂੰ ਪਹਿਲ ਮਿਲ ਰਹੀ ਹੈ ਅਤੇ ਸੰਭਵ ਹੈ ਕਿ ਆਉਣ ਵਾਲੇ ਸਮੇਂ ਵਿਚ ਨਵਿਆਉਣਯੋਗ ਊਰਜਾ ਦੇ ਸ੍ਰੋਤ ਵੀ ਚਾਲੂ ਊਰਜਾ ਸ੍ਰੋਤਾਂ ਦੀ ਤਰ੍ਹਾਂ ਸਸਤੇ ਤੇ ਅਸਾਨ ਹੋ ਜਾਣ। ਭਾਰਤ ਵਿਚ ਤਾਂ ਇਸ ਕੰਮ ਦੇ ਲਈ ਰਾਸ਼ਟਰੀ ਸੌਰ ਮਿਸ਼ਨ ਕੰਮ ਕਰ ਰਿਹਾ ਹੈ। ਜਿਸ ਦਾ ਮਕਸਦ ਵਿਸ਼ਵਵਿਆਪੀ ਪੱਧਰ 'ਤੇ ਨਵਿਆਉਣਯੋਗ ਊਰਜਾ ‘ਚ ਭਾਰਤ ਦੀ ਹਿੱਸੇਦਾਰੀ ਨੂੰ ਵਧਾਉਣਾ ਹੈ।

**ਲੱਕੀ:** ਫਿਰ ਤਾਂ ਸੰਭਵ ਹੈ ਇਕ ਦਿਨ ਸਾਡੇ ਦੇਸ਼ ਦੇ ਸਾਰੇ ਘਰ, ਸਵੱਛ ਊਰਜਾ ਨਾਲ ਜਗਮਗਾਉਣਗੇ। ਜਿਸ ਕਾਰਨ ਕੋਈ ਪ੍ਰਦੂਸ਼ਣ ਨਹੀਂ ਹੋਵੇਗਾ ਅਤੇ ਨਾ ਹੀ ਕੁਦਰਤੀ ਸਾਧਨਾਂ ਦੀ ਕੋਈ ਲੁੱਟ !

**ਰਾਕੇਸ਼:** ਕੁਦਰਤੀ ਸਾਧਨਾਂ ਦੀ ਸੁਰੱਖਿਆ ਨਾਲ ਸਬੰਧਿਤ ਇਕ ਹੋਰ ਟੀਚਾ ਹੈ - ਖੇਤੀਬਾੜੀ ਦਾ।

**ਮੋਨਿਕਾ:** ਸਾਡਾ ਦੇਸ਼ ਤਾਂ ਵੈਸੇ ਵੀ ਖੇਤੀਬਾੜੀ ਪ੍ਰਧਾਨ ਦੇਸ਼ ਹੈ। ਜੇਕਰ ਇਸ ਦੇਸ਼ ਵਿਚ ਖੇਤੀਬਾੜੀ ਦੇ ਖੇਤਰ ਵਿਚ ਸੁਧਾਰ ਹੋਵੇਗਾ ਤਾਂ ਪੂਰੇ ਦੇਸ਼ ਦੀ ਤਸਵੀਰ ਬਦਲ ਜਾਵੇਗੀ।

**ਵਸੁਧਾ:** ਇਸ ਲਈ ਅਜਿਹੀ ਖੇਤੀਬਾੜੀ ਕ੍ਰਾਂਤੀ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ ਜਿਹੜੀ ਹਰੀ ਹੋਵੇ ਅਰਥਾਤ ਦੂਸਰੀ ਹਰੀ ਕ੍ਰਾਂਤੀ; ਜਿਸ ਵਿਚ ਮਿੱਟੀ ਅਤੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਏ ਬਿਨਾਂ ਪੈਦਾਵਾਰ ਵਿਚ ਵਾਧਾ ਕੀਤਾ ਜਾ ਸਕੇ।

**ਰਾਕੇਸ਼:** ਇਸ ਦੇ ਲਈ ਅੱਜ-ਕੱਲ੍ਹ ਜੈਵਿਕ ਖਾਦਾਂ ਦੀ ਕਾਫ਼ੀ ਚਰਚਾ ਹੋ ਰਹੀ ਹੈ ਕਿਉਂਕਿ ਰਸਾਇਣਿਕ ਖਾਦਾਂ ਦੀ ਅੰਨ੍ਹੇਵਾਹ ਵਰਤੋਂ ਨੇ ਮਿੱਟੀ ਦੇ ਉਪਜਾਊਪਣ ਨੂੰ ਨਸ਼ਟ ਕਰ ਦਿੱਤਾ ਹੈ। ਇਸ ਦੇ ਨਾਲ ਹੀ ਰਸਾਇਣਿਕ ਖਾਦਾਂ ਅਤੇ ਕੀਟਨਾਸ਼ਕਾਂ ਨੇ ਮਿੱਟੀ ਅਤੇ ਵਾਤਾਵਰਨ ਦੀ ਨਾਜ਼ੁਕ ਜੈਵਿਕ ਵੰਨ - ਸੁਵੰਨਤਾ ਨੂੰ ਵੀ ਨੁਕਸਾਨ ਪਹੁੰਚਾਇਆ ਹੈ।

**ਦਵਿੰਦਰ:** ਗੱਲ ਤਾਂ ਸਹੀ ਹੈ। ਅੱਜ-ਕੱਲ੍ਹ ਕੀਟਨਾਸ਼ਕਾਂ ਦੀ ਵਰਤੋਂ ਐਨੀ ਜ਼ਿਆਦਾ ਹੋ ਰਹੀ ਹੈ ਕਿ ਫ਼ਸਲਾਂ ਦੇ ਮਿੱਤਰ ਕੀਟ ਵੀ ਖ਼ਤਮ ਹੋ ਰਹੇ ਹਨ। ਹਾਨੀਕਾਰਕ ਰਸਾਇਣਾਂ ਨਾਲ ਜਲ, ਜ਼ਮੀਨ, ਜੰਗਲ ਤੇ ਹਵਾ ਪ੍ਰਦੂਸ਼ਿਤ ਹੋ ਰਹੇ ਹਨ। ਕੈਂਸਰ ਵਰਗੀਆਂ ਬਿਮਾਰੀਆਂ ਦਾ ਖ਼ਤਰਾ ਵੀ ਵਧ ਰਿਹਾ ਹੈ।

**ਰਾਕੇਸ਼:** ਇਸੇ ਲਈ ਤਾਂ 2030 ਦੇ ਟਿਕਾਊ ਵਿਕਾਸ ਦੇ ਟੀਚਿਆਂ ਵਿਚ ਖੇਤੀਬਾੜੀ ਨੂੰ ਸ਼ਾਮਿਲ ਕੀਤਾ ਗਿਆ ਹੈ ਜਿਸ ਦੇ ਤਹਿਤ ਬੀਜਾਂ ਦੀ ਗੁਣ ਸੂਤਰੀ ਵੰਨ-ਸੁਵੰਨਤਾ 'ਤੇ ਧਿਆਨ ਦਿੱਤਾ ਜਾਣਾ ਸ਼ਾਮਿਲ ਹੈ। ਵੰਸਾਵਲੀ ਸਾਧਨਾਂ ਦੇ ਨਾਲ ਰਵਾਇਤੀ ਗਿਆਨ ਨੂੰ ਜੋੜ ਕੇ ਹੀ ਮਿੱਥੇ ਟੀਚੇ ਨੂੰ ਪੂਰਾ ਕੀਤਾ ਜਾ ਸਕੇਗਾ।

**ਵਸੁਧਾ:** ਇਸ ਤੋਂ ਬਿਨਾ ਮਿੱਟੀ ਦੀ ਜਾਂਚ ਕਰਨ ਵਾਸਤੇ ਮਿੱਟੀ ਦੀ 'ਸਿਹਤ ਕਾਰਡ' ਯੋਜਨਾ ਚਲਾਈ ਜਾ ਰਹੀ ਹੈ।ਇਸ ਯੋਜਨਾ ਨਾਲ ਮਿੱਟੀ ਵਿਚਲੇ ਪੋਸ਼ਕ ਤੱਤਾਂ ਦੀ ਜਾਂਚ ਕੀਤੀ ਜਾਂਦੀ ਹੈ। ਜਿਹੜਾ ਤੱਤ ਉਸ ਵਿੱਚ ਘੱਟ ਹੁੰਦਾ ਹੈ ਖਾਦਾਂ ਦੁਆਰਾ ਉਹ ਹੀ ਉਸ ਵਿਚ ਪਾਇਆ ਜਾਂਦਾ ਹੈ।

**ਰਾਕੇਸ਼:** ਇਸ ਨਾਲ ਕਿਸਾਨਾਂ ਦਾ ਜੀਵਨ ਪੱਧਰ ਸੁਧਰੇਗਾ ਤੇ ਕਾਫੀ ਹੱਦ ਤੱਕ ਦੇਸ਼ ਨੂੰ ਗਰੀਬੀ ਤੋਂ ਵੀ ਮੁਕਤੀ ਮਿਲੇਗੀ। ਕੁਪੋਸ਼ਣ ਦੀ ਸਮੱਸਿਆ ਵੀ ਹੱਲ ਹੋ ਸਕੇਗੀ ਕਿਉਂਕਿ ਖੇਤੀ ਦਾ ਸਿੱਧਾ-ਸਿੱਧਾ ਸਬੰਧ ਖਾਦ ਸੁਰੱਖਿਆ ਨਾਲ ਵੀ ਹੈ।

**ਮੋਨਿਕਾ:** ਕਿਹੋ ਜਿਹੀ ਗੁੰਝਲਦਾਰ ਸਥਿਤੀ ਹੈ। ਇਕ ਪਾਸੇ ਕੁੱਝ ਲੋਕ ਬਹੁਤ ਸਾਰਾ ਖਾਣਾ ਜੂਠਾ ਛੱਡ ਦਿੰਦੇ ਹਨ ਅਤੇ ਦੂਜੇ ਪਾਸੇ ਲੱਖਾਂ ਲੋਕਾਂ ਨੂੰ ਢਿੱਡ ਭਰਨ ਨੂੰ ਰੋਟੀ ਨਹੀਂ ਮਿਲਦੀ।

**ਦਵਿੰਦਰ:** ਬੇਟੀ, ਅਜਿਹੀਆਂ ਆਦਤਾਂ ਨੂੰ ਹੀ ਤਾਂ ਖ਼ਤਮ ਕਰਨਾ ਹੈ ਤਾ ਕਿ ਸਮਾਜ ਦੇ ਸਾਧਨਾਂ ਦਾ ਇਕ ਵਿਅਕਤੀ ਜਾਂ ਇਕ ਵਰਗ ਦੁਆਰਾ ਦੁਰਉਪਯੋਗ ਨਾ ਹੋਵੇ।

**ਲੱਕੀ:** ਮੈਂ ਤਾਂ ਅੱਜ ਤੋਂ ਹੀ ਸਹੁੰ ਖਾਂਦਾ ਹਾਂ ਕਿ ਕਦੇ ਵੀ ਭੋਜਨ ਪਦਾਰਥ ਫਾਲਤੂ ਨਹੀਂ ਸੁੱਟਾਂਗਾ।

**ਵਸੁਧਾ:** ਬੇਟਾ ਮੈਨੂੰ ਤਾਂ ਤੇਰੇ ‘ਤੇ ਮਾਣ ਮਹਿਸੂਸ ਹੋ ਰਿਹਾ ਹੈ। ਜਿਸ ਗੱਲ ਨੂੰ ਲੋਕ ਵੱਡੀ ਉਮਰ ਵਿਚ ਵੀ ਨਹੀਂ ਸਮਝਦੇ ਤੂੰ ਉਸ ਨੂੰ ਛੋਟੀ ਉਮਰ ਵਿਚ ਹੀ ਸਮਝ ਗਿਆ ਹੈ।

**ਮੋਨਿਕਾ:** ਆਖਿਰ ਭਰਾ ਕਿਸਦਾ ਹੈ ?

(ਸਾਰੇ ਹੱਸਦੇ ਹਨ)

**ਦਵਿੰਦਰ:** ਵੈਸੇ ਪਿੰਡਾਂ ਦੀ ਗੱਲ ਤਾਂ ਦੂਰ, ਅੱਜ-ਕੱਲ੍ਹ ਤਾਂ ਸ਼ਹਿਰਾਂ ਵਿਚ ਵੀ ਬਹੁਤ ਸਾਰੇ ਲੋਕ ਬੁਰੀ ਹਾਲਤ ਵਿਚ ਹਨ।

**ਮੋਨਿਕਾ:** ਹਾਂ ਪਾਪਾ, ਸਾਡੇ ਸ਼ਹਿਰ ਵਿਚ ਹੀ ਕਿੰਨੇ ਹੀ ਲੋਕ ਸੜਕਾਂ 'ਤੇ ਸੁੱਤੇ ਮਿਲ ਜਾਣਗੇ ਅਤੇ ਸ਼ਹਿਰ ਵਿਚ ਕਿੰਨੀਆਂ ਹੀ ਅਜਿਹੀਆਂ ਬਸਤੀਆਂ ਮਿਲ ਜਾਣਗੀਆਂ ਜਿੱਥੇ ਲੋੜ ਅਨੁਸਾਰ ਪਾਣੀ ਅਤੇ ਬਿਜਲੀ ਦੀ ਸੁਵਿਧਾ ਹੈ ਹੀ ਨਹੀਂ ।

**ਲੱਕੀ:** ਮੈਨੂੰ ਤਾਂ ਅਜਿਹੇ ਸਥਾਨਾਂ 'ਤੇ ਜਾਣਾ ਬਿਲਕੁਲ ਵੀ ਚੰਗਾ ਨਹੀਂ ਲੱਗਦਾ। ਕਿੰਨੀ ਗੰਦਗੀ ਹੁੰਦੀ ਹੈ ਉਥੇ !

**ਵਸੁਧਾ:** ਦਰਅਸਲ ਪਿੰਡਾਂ ਵਿੱਚੋਂ ਖੁਸਦੇ ਰੁਜਗਾਰ ਕਾਰਨ ਤੇ ਤੇਜ਼ੀ ਨਾਲ ਹੁੰਦੇ ਸ਼ਹਿਰੀਕਰਣ ਦੇ ਕਾਰਨ, ਸ਼ਹਿਰ ਆਪਣੇ ਆਪ ਨੂੰ ਸੰਭਾਲ ਨਹੀਂ ਪਾ ਰਹੇ। ਇਸ ਲਈ ਅੱਜ ਸਮਾਰਟ ਸ਼ਹਿਰਾਂ ਦੀ ਜ਼ਰੂਰਤ ਮਹਿਸੂਸ ਕੀਤੀ ਜਾ ਰਹੀ ਹੈ।

**ਲੱਕੀ:** ਸਮਾਰਟ ਫੋਨ ਤਾਂ ਸੁਣਿਆ ਸੀ ਪਰ ਸਮਾਰਟ ਸਿਟੀ ਤਾਂ ਅੱਜ ਹੀ ਸੁਣ ਰਿਹਾ ਹਾਂ। ਕੀ ਇਸ ਵਿਚ ਸਭ ਸਹੂਲਤਾਂ ਆਪਣੇ ਆਪ ਮਿਲ ਜਾਂਦੀਆਂ ਹਨ। ਬਸ ਬਟਨ ਦਬਾਉ ਅਤੇ ਚੀਜ਼ਾਂ ਸਾਹਮਣੇ।

(ਸਾਰੇ ਹੱਸਦੇ ਹਨ।)

**ਰਾਕੇਸ਼:** ਲੱਕੀ ! ਦਰ ਅਸਲ ਸਮਾਰਟ ਸਿਟੀ ਮਿਸ਼ਨ ਵਿਚ ਜ਼ਰੂਰਤ ਅਨੁਸਾਰ ਪੀਣਯੋਗ ਜਲ ਦੀ ਪੂਰਤੀ, ਸਫ਼ਾਈ, ਠੋਸ ਕੂੜੇ ਕਰਕਟ ਦਾ ਪ੍ਰਬੰਧ, ਵਧੀਆ ਸ਼ਹਿਰੀ ਆਵਾਜਾਈ ਅਤੇ ਸਰਵਜਨਿਕ ਆਵਾਜਾਈ ਦੇ ਸਾਧਨ ਸ਼ਾਮਲ ਹਨ ! ਮਜ਼ਬੂਤ ਆਈਟੀ ਸੰਪਰਕ ਅਤੇ ਗਰੀਬਾਂ ਲਈ ਘਰਾਂ ਵਰਗੀਆਂ ਪ੍ਰਮੁੱਖ ਢਾਂਚਾਗਤ ਸੇਵਾਵਾਂ ਦੇ ਇੰਤਜ਼ਾਮ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੰਨ 2030 ਤੱਕ ਸਮਾਰਟ ਸਿਟੀ ਦੇ ਟੀਚੇ ਨੂੰ ਪ੍ਰਾਪਤ ਕਰਨ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

**ਦਵਿੰਦਰ:** ਅਜਿਹੇ ਸਮਾਰਟ ਸ਼ਹਿਰ ਟਿਕਾਊ ਵਿਕਾਸ ਦੇ ਅਧਾਰਭੂਤ ਸਤੰਭ ਸਥਾਪਤ ਕਰਨਗੇ, ਜਿਸ ਵਿਚ ਸਾਰਿਆਂ ਦੇ ਲਈ ਸਾਰੀਆਂ ਜ਼ਰੂਰੀ ਸੁਵਿਧਾਵਾਂ ਮੁਹੱਈਆ ਹੋਣਗੀਆਂ।

**ਵਸੁਧਾ:** ਹਾਂ, ਅਜਿਹੇ ਸ਼ਹਿਰਾਂ ਵਿੱਚ ਸਾਰੇ ਵਰਗਾਂ ਨੂੰ ਜੀਵਨ ਦੀਆਂ ਸਾਰੀਆਂ ਮੁੱਢਲੀਆਂ ਲੋੜਾਂ ਮੁਹੱਈਆ ਕਰਵਾਈਆਂ ਜਾਣਗੀਆਂ।ਸਮਾਰਟ ਸਿਟੀ ਵਜੋਂ ਵਿਕਸਿਤ ਕੀਤੇ ਜਾਣ 100 ਅਜਿਹੇ ਸ਼ਹਿਰਾਂ ਦੀ ਸੂਚੀ ਵੀ ਤਿਆਰ ਕੀਤੀ ਗਈ ਹੈ ।

ਮੋਨਿਕਾ: ਅਜਿਹੇ ਸ਼ਹਿਰਾਂ ਵਿਚ ਉਦਯੋਗੀਕਰਣ ਦਾ ਖ਼ਾਸ ਮਹੱਤਵ ਹੋਵੇਗਾ। ਸ਼ਾਨਦਾਰ ਆਈ.ਟੀ. ਸੰਚਾਰ ਅਤੇ ਡਿਜ਼ੀਟੀਲਾਈਜੇਸ਼ਨ ਦੀ ਵਿਵਸਥਾ ਕੰਮ-ਕਾਜ ਨੂੰ ਅਸਾਨ ਬਣਾਏਗੀ। ਸਿਭ ਲਈ ਸਿੱਖਿਆ ਅਤੇ ਸਿਹਤ ਸੁਨਿਸ਼ਚਿਤ ਕੀਤੀ ਜਾਵੇਗੀ।

**ਰਾਧਿਕਾ:** ਪਰ ਇਹ 100 ਸਮਾਰਟ ਸ਼ਹਿਰ ਸਾਡੀ 2030 ਤੱਕ 150 ਕਰੋੜ ਦੀ ਆਬਾਦੀ ਦੀ ਸਮੱਸਿਆ ਕਿਵੇਂ ਹੱਲ ਕਰਨਗੇ ? ਬਾਕੀਆਂ ਦੇ ਰੁਜਗਾਰ ਦਾ ਕੀ ਹੋਵੇਗਾ , ਵਿਕਾਸ ਦੇ ਮੌਜੂਦਾ ਮਾਡਲ ਦੇ ਚਲਦੇ ਕੁਦਰਤੀ ਸ੍ਰੋਤਾਂ ਤੇ ਦਬਾਅ ਕਿਵੇਂ ਘਟੇਗਾ ? ਇਹ ਨੇ ਕਈ ਪ੍ਰਸ਼ਨ ਜਿਹੜੇ ਪਏ ਨੇ ਅਣਸੁਲਝੇ ਅਜੇ ਵੀ !

**ਵਸੁਧਾ :** ਹਾਂ ਸਮੁੱਚੇ ਪ੍ਰਬੰਧ ਲਈ ਤਾਂ ਜਾਪਦਾ ਹੈ ਕਿ ਸਾਨੂੰ ਵਿਕਾਸ ਦਾ ਕੋਈ ਹੋਰ ਬਦਲਵਾਂ ਮਾਡਲ ਵਿਕਸਤ ਕਰਨਾ ਪਵੇਗਾ ਜਿਸ ਨਾਲ ਕੁਦਰਤੀ ਸ੍ਰੋਤਾਂ ਤੇ ਦਬਾਅ ਨਾ ਵਧੇ ।

**ਰਮਨ :** ਹਾਂ ਇਸ ਤਰ੍ਹਾਂ ਤਾਂ ਕਈਆਂ ਦਾ ਇਹ ਵਿਚਾਰ ਵੀ ਹੈ ਕਿ ਇਨ੍ਹਾਂ ਨਾਲ ਤਾਂ ਅਸਮਾਨਤਾ ਅਤੇ ਕਾਣੀ ਵੰਡ ਹੋਰ

ਪੈਦਾ ਹੋ ਜਾਵੇਗੀ ਤੇ ਸ੍ਰੋਤਾਂ ਦੀ ਸ਼ਹਿਰਾਂ ਵਿੱਚ ਹੋਰ ਵੱਧ ਵਰਤੋਂ ਹੋ ਜਾਵੇਗੀ !

**ਲੱਕੀ:** ਸਿੱਖਿਆ, ਸਿਹਤ, ਸਫਾਈ, ਆਵਾਸ ਤੇ ਰੁਜਗਾਰ ਕੇਵਲ ਸ਼ਹਿਰਾਂ ਤੱਕ ਹੀ ਸੀਮਤ ਕਿਉਂ ਰਹਿਣ ?

**ਵਸੁਧਾ:** ਬਿਲਕੁਲ ਠੀਕ ! ਸਿੱਖਿਆ, ਸਿਹਤ ਤੇ ਰੁਜਗਾਰ ਤੱਕ ਤਾਂ ਸਾਰਿਆਂ ਦੀ ਹੀ ਪਹੁੰਚ ਹੋਣੀ ਚਾਹੀਦੀ ਹੈ। ਇਸੇ ਲਈ ਸਹੱਸਰਬਦੀ (ਮਿਲੇਨੀਅਮ) ਦੇ ਟੀਚਿਆਂ ਵਿਚ ਇਨ੍ਹਾਂ ਦੋਹਾਂ ਖੇਤਰਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਭਾਰਤ ਵਿਚ ਮੁੱਢਲੀ ਸਿੱਖਿਆ ਨੂੰ ਕਾਨੂੰਨੀ ਰੂਪ ਦਿੱਤਾ ਗਿਆ ਹੈ।

**ਰਾਕੇਸ਼:** ਸਿਹਤ ਵਾਸਤੇ ਇਸ ਵਿਚ ਬਾਲ ਮੌਤ ਦਰ ਘਟਾਉਣਾ ਸ਼ਾਮਿਲ ਹੈ। ਉਪ-ਸਹਾਰਾ ਅਫਰੀਕਾ ਵਿਚ ਪ੍ਰਤੀ ਦਿਨ 17000 ਬੱਚੇ ਆਪਣੀ ਜਾਨ ਗਵਾ ਰਹੇ ਹਨ। ਹਰ 10 ਵਿਚੋਂ 1 ਬੱਚਾ 5 ਸਾਲ ਦੀ ਉਮਰ ਤੋਂ ਪਹਿਲਾਂ ਹੀ ਮਰ ਜਾਂਦਾ ਹੈ ਜੋ ਵਿਕਸਿਤ ਖੇਤਰਾਂ ਦੀ ਔਸਤ ਤੋਂ 15 ਗੁਣਾ ਵੱਧ ਹੈ। ਇਸ ਲਈ ਵਿਸ਼ਵ ਪੱਧਰ 'ਤੇ ਬਾਲ ਮੌਤ ਦਰ ਨੂੰ ਘਟਾਉਣਾ ਮੁੱਖ ਚਣੌਤੀ ਹੈ। ਹਾਲਾਂਕਿ ਪਿਛਲੇ 2 ਦਹਾਕਿਆਂ ਵਿੱਚ ਸੰਸਾਰ ਭਰ ਵਿਚ ਮੌਤ ਦਰ 47% ਘਟੀ ਹੈ। ਇਸ ਤਰ੍ਹਾਂ ਗਰਭਵਤੀ ਔਰਤਾਂ ਨੂੰ ਵਿਸ਼ੇਸ਼ ਦੇਖ-ਭਾਲ ਸਹੂਲਤਾਂ ਦੇਣੀਆਂ ਤੇ ਸੁਰੱਖਿਅਤ ਜਣੇਪੇ ਦੀ ਸਹੂਲਤ ਉਪਲਬਧ ਕਰਾਉਣਾ ਸ਼ਾਮਲ ਹੈ।

**ਮੋਨਿਕਾ:** ਅਜਕਲ ਤਾਂ ਨਵੀਆਂ ਨਵੀਆਂ ਬਿਮਾਰੀਆਂ ਵੀ ਮਨੁੱਖ ਨੂੰ ਬਹੁਤ ਪ੍ਰੇਸ਼ਾਨ ਕਰ ਰਹੀਆਂ ਹਨ।

ਵਸੁਧਾ: ਹਾਂ ਬੇਟੀ, ਟਿਕਾਊ ਵਿਕਾਸ ਦੇ ਟੀਚਿਆਂ ਵਿਚ ਜੈਵ ਤਕਨਾਲੌਜੀ ਦੀ ਮੱਦਦ ਨਾਲ ਏਡਜ਼, ਮਲੇਰੀਆ ਅਤੇ ਟੀ.ਬੀ ਵਰਗੀਆਂ ਨਾ ਮੁਰਾਦ ਬਿਮਾਰੀਆਂ ਦਾ ਸਾਹਮਣਾ ਕਰਨਾ ਸ਼ਾਮਲ ਹੈ। ਪਿਛਲੇ ਦਹਾਕੇ ਦੌਰਾਨ ਸਾਲ 2000 ਤੋਂ ਲੈ ਕੇ 2010 ਤੱਕ ਲਗਭਗ ਦਸ ਲੱਖ ਲੋਕਾਂ ਨੂੰ ਮਲੇਰੀਏ ਕਾਰਨ ਮੌਤ ਦੇ ਮੂੰਹ ਵਿਚ ਜਾਣੋ ਬਚਾਇਆ ਗਿਆ ਹੈ ਅਤੇ ਟੀ.ਬੀ. ਦੇ ਇਲਾਜ ਰਾਹੀਂ 2 ਕਰੋੜ ਜਾਨਾਂ ਬਚਾਈਆਂ ਗਈਆਂ ਹਨ ।

**ਲੱਕੀ:** ਮਲੇਰੀਏ ਤੋਂ ਤਾਂ ਮੈਨੂੰ ਵੀ ਹੁਣ ਡਰ ਲੱਗਣ ਲੱਗ ਗਿਆ ਹੈ। ਪਿਛਲੇ ਸਾਲ ਮੈਨੂੰ ਵੀ ਮਲੇਰੀਆ ਹੋਇਆ ਸੀ। ਮੇਰੀ ਹਾਲਤ ਕਾਫੀ ਦਿਨਾਂ ਬਾਅਦ ਸੁਧਰੀ ਸੀ।

**ਰਾਕੇਸ਼:** ਮਲੇਰੀਏ ਤੋਂ ਛੁਟਕਾਰੇ ਦੇ ਲਈ ਸਭ ਤੋਂ ਚੰਗਾ ਉਪਾਅ ਤਾਂ ਇਹੀ ਹੈ ਕਿ ਮੱਛਰਾਂ ਨੂੰ ਪੈਦਾ ਹੀ ਨਾ ਹੋਣ ਦਿਉ। ਕਦੇ ਵੀ ਪਾਣੀ ਇਕੱਠਾ ਨਾ ਹੋਣ ਦਿਉ।

**ਵਸੁਧਾ:** ਪਰ ਹਰ ਵਾਰ ਮੀਂਹ ਤੋਂ ਬਾਅਦ ਸ਼ਹਿਰ ਹੋਵੇ ਜਾਂ ਪਿੰਡ, ਪਾਣੀ ਤਾਂ ਖੜ੍ਹ ਹੀ ਜਾਂਦਾ ਹੈ ਅਤੇ ਜੇਕਰ ਕਦੇ ਹੜ੍ਹ ਆ ਜਾਵੇ ਤਾਂ ਮਲੇਰੀਆ ਹੀ ਨਹੀਂ ਹੋਰ ਮਹਾਂਮਾਰੀਆਂ ਫੈਲਣ ਦਾ ਖ਼ਤਰਾ ਵੀ ਰਹਿੰਦਾ ਹੈ।

**ਦਵਿੰਦਰ:**ਇਸ ਤੋਂ ਇਲਾਵਾ ਭੂਚਾਲ ਨਾਲ, ਅੱਗ ਲੱਗਣ, ਹੜ੍ਹ ਆਉਣ ਨਾਲ ਵੀ ਸਿਹਤ ਨੂੰ ਖ਼ਤਰਾ ਪੈਦਾ ਹੋ ਜਾਂਦਾ ਹੈ।

**ਰਾਕੇਸ਼:** ਇਸੇ ਲਈ ਤਾਂ ਸਾਲ 2030 ਤੱਕ ਇਨ੍ਹਾਂ ਆਫ਼ਤਾਂ ਨੂੰ ਘਟਾਉਣ ਦਾ ਟੀਚਾ ਰੱਖਿਆ ਗਿਆ ਹੈ। ਇਸ ਕੰਮ ਲਈ ਵਧੀਆ ਆਫ਼ਤ-ਪ੍ਰਬੰਧਣ ਦੇ ਨਾਲ-ਨਾਲ ਤਕਨਾਲੌਜੀ ਨੂੰ ਵਿਕਸਿਤ ਕੀਤਾ ਜਾਣਾ ਹੈ ਜਿਸ ਨਾਲ ਜਾਨ-ਮਾਲ ਦੇ ਨੁਕਸਾਨ ਨੂੰ ਘੱਟ ਕੀਤਾ ਜਾ ਸਕੇ।

**ਮੋਨਿਕਾ:** ਅੰਕਲ ! ਮੈਨੂੰ ਯਾਦ ਹੈ ਅਜੇ ਦੋ-ਤਿੰਨ ਸਾਲ ਪਹਿਲਾਂ ਦੀ ਹੀ ਗੱਲ ਹੈ ਕਿ ਭਾਰਤੀ ਮੌਸਮ ਵਿਭਾਗ ਨੇ 'ਹੁਦ-ਹੁਦ' ਅਤੇ 'ਫੇਲਿਨ' ਨਾਮੀ ਚੱਕਰਵਾਤਾਂ ਦੀ ਜਾਣਕਾਰੀ ਸਮੇਂ ਸਿਰ ਦੇ ਦਿੱਤੀ ਸੀ ਜਿਸ ਨਾਲ ਬਹੁਤ ਸਾਰੇ ਲੋਕਾਂ ਨੂੰ ਸੁਰੱਖਿਅਤ ਕੱਢਿਆ ਜਾ ਸਕਿਆ ਅਤੇ ਜਾਨ-ਮਾਲ ਦੀ ਹਾਨੀ ਤੋਂ ਬਚਿਆ ਜਾ ਸਕਿਆ ਸੀ ।

**ਰਾਕੇਸ਼:** ਸ਼ਾਬਾਸ ਬੇਟਾ! ਤੇਰੀ ਜਾਣਕਾਰੀ ਤਾਂ ਇਕ ਦਮ ਸਹੀ ਹੈ।ਦਿਨੋ-ਦਿਨ ਉਨੱਤ ਹੁੰਦੀ ਤਕਨਾਲੌਜੀ ਨਾਲ ਮੌਸਮ ਦੇ ਪੂਰਵ ਅਨੁਮਾਨ ਵਿਚ ਸੁਧਾਰ ਆਇਆ ਹੈ। ਹੋਰ ਆਫਤਾਂ ਤੋਂ ਵੀ ਛੁਟਕਾਰੇ ਦੇ ਲਈ ਤਕਨਾਲੌਜੀ ਸਾਡੀ ਮੱਦਦ ਕਰੇਗੀ।

**ਦਵਿੰਦਰ:**ਹਾਂ, ਸੁਨਾਮੀ ਵਰਗੀ ਭਿਆਨਕ ਆਫ਼ਤ ਦੇ ਪੂਰਵ ਅਨੁਮਾਨ ਦੇ ਯਤਨ ਵੀ ਹੋ ਰਹੇ ਹਨ। ਨਵੰਬਰ 2016 ਵਿਚ ਜਪਾਨ ਵਿਚ ਆਏ ਭੂਚਾਲ ਦੌਰਾਨ, ਸੁਨਾਮੀ ਦੀ ਚੇਤਾਵਨੀ ਜਾਰੀ ਕੀਤੀ ਗਈ ਸੀ ਜਿਸ ਕਾਰਨ ਬਚਾਉ-ਉਪਾਅ ਅਗਾਊ ਕਰਨ ਵਿੱਚ ਮਦਦ ਮਿਲੀ ।

**ਰਾਕੇਸ਼:** ਇਸ ਤੋਂ ਇਲਾਵਾ ਟਿਕਾਊ ਵਿਕਾਸ ਦੇ ਹੋਰ ਟੀਚਿਆਂ ਵਿਚ ਮਹਾਂਸਾਗਰੀ ਪ੍ਰਸਥਿਤਿਕ ਤੰਤਰ ਸਹਿਤ, ਧਰਤੀ 'ਤੇ ਸਥਿਤ ਭਿੰਨ-ਭਿੰਨ ਨਾਜੁਕ ਪ੍ਰਸਥਿਤਿਕ ਤੰਤਰਾਂ ਦੇ ਸੁਰੱਖਿਅਣ ਦੇ ਟੀਚੇ ਵੀ ਨਿਰਧਾਰਿਤ ਕੀਤੇ ਗਏ ਹਨ। ਮੁੱਖ ਗੱਲ ਹੈ ਕਿ ਟਿਕਾਊ ਵਿਕਾਸ ਵਿਚ ਹਰ ਮਨੁੱਖ ਨੂੰ ਆਪਣਾ ਯੋਗਦਾਨ ਦੇਣਾ ਹੋਵੇਗਾ ਕਿਉਂਕਿ ਸਾਰਿਆਂ ਦੇ ਸਾਂਝੇ ਤੇ ਸਮੂਹਿਕ ਯਤਨਾਂ ਸਦਕਾ ਹੀ ਅਸੀਂ ਧਰਤੀ ਨੂੰ ਬਚਾ ਸਕਦੇ ਹਾਂ।

**ਵਸੁਧਾ:**ਹਾਂ!ਪਰ ਇਸਦੇ ਲਈ ਤਾਂ ਧਰਤੀ ਦੇ ਹਰ ਹਿੱਸੇ ਦੀ ਸੁਰੱਖਿਆ ਜ਼ਰੂਰੀ ਹੈ। ਹਰ ਹਿੱਸੇ ਦਾ ਆਪਣਾ ਯੋਗਦਾਨ ਹੈ। ਮਹਾਂਸਾਗਰ ਧਰਤੀ ਦੇ ਲਗਭਗ ਦੋ ਤਿਹਾਈ ਹਿੱਸੇ ਵਿਚ ਫੈਲੇ ਹੋਏ ਹਨ ਤੇ ਉਹ ਕੁਦਰਤੀ ਸਾਧਨਾਂ ਦੇ ਭੰਡਾਰ ਵੀ ਹਨ।

**ਰਾਕੇਸ਼:** ਸਭ ਤੋਂ ਵੱਡੀ ਗੱਲ ਹੈ ਕਿ ਮਹਾਂਸਾਗਰ ਧਰਤੀ ਦੇ ਤਾਪਮਾਨ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਉਨ੍ਹਾਂ ਦਾ ਆਰਥਿਕ ਮਹੱਤਵ ਵੀ ਬਹੁਤ ਜਿਆਦਾ ਹੈ ਇਹ ਰੋਜਗਾਰ ਦੇ ਵੀ ਕਾਫੀ ਵੱਡੇ ਸਾਧਨ ਹਨ ਜਿਵੇਂ ਕਿ ਮੱਛੀ ਉਤਪਾਦਨ ਵਿੱਚ।

**ਮੋਨਿਕਾ:** ਧਰਤੀ ਦਾ ਸਭ ਤੋਂ ਵੱਡਾ ਜੀਵ, ਵੇਲ੍ਹ ਵੀ ਤਾਂ ਮਹਾਂਸਾਗਰਾਂ ਵਿਚ ਹੀ ਪਾਇਆ ਜਾਂਦਾ ਹੈ!

**ਲੱਕੀ:** ਪਰ ਜੇਕਰ ਅੱਜ ਧਰਤੀ 'ਤੇ ਡਾਇਨਾਸੋਰ ਹੁੰਦੇ ਤਾਂ ਸਾਇਦ ਉਹ ਵੇਲ੍ਹ ਤੋਂ ਵੀ ਵਿਸ਼ਾਲ ਹੁੰਦੇ।

**ਮੋਨਿਕਾ:** ਲੱਕੀ, ਸ਼ੇਖ ਚਿੱਲੀ ਵਾਲੇ ਸੁਪਨੇ ਦੇਖਣਾ ਬੰਦ ਕਰ। ਇਸ ਸਮੇਂ ਦੁਨੀਆ ਦਾ ਸਭ ਤੋਂ ਵੱਡਾ ਜੀਵ ਵੇਲ੍ਹ ਹੀ ਹੈ।

**ਲੱਕੀ:** (ਖਿਝ ਕੇ) ਤੇ ਦੀਦੀ, ਤੁਹਾਡਾ ਨਾਮ ਦੁਨੀਆ ਦੇ ਸਭ ਤੋਂ ਵੱਡੇ ਬੁਧੀਮਾਨਾਂ ਦੀ ਸੂਚੀ ਵਿਚ ਪਹਿਲੇ ਸਥਾਨ 'ਤੇ ਹੋਵੇਗਾ।

**ਵਸੁਧਾ:**ਹਰ ਸਮੇਂ ਝਗੜਾ ਕਰਦੇ ਰਹਿੰਦੇ ਹੋ। ਆਪਸ ਵਿਚ ਜਿੰਨੀ ਲੜਾਈ ਕਰਦੇ ਹੋ ਓਨਾ ਸਨੇਹ ਵੀ ਤਾਂ ਕਰਿਆ ਕਰੋ।

**ਦਵਿੰਦਰ:** ਬੱਚਿਓ! ਇਸੇ ਤਰ੍ਹਾਂ ਦਾ ਪ੍ਰੇਮ ਸਾਨੂੰ ਸਾਡੀ ਧਰਤੀ ਨਾਲ ਵੀ ਕਰਨਾ ਚਾਹੀਦਾ ਹੈ ਤਾਂ ਕਿ ਉਹ ਸਾਡਾ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਪਾਲਣ-ਪੋਸ਼ਣ ਕਰਦੀ ਰਹੇ ਅਤੇ ਅਸੀਂ ਵੀ ਉਸਨੂੰ ਸੁੰਦਰ ਅਤੇ ਸਵੱਛ ਬਣਾਈ ਰੱਖਣ ਵਿਚ ਮੱਦਦ ਕਰੀਏ।

**ਰਾਕੇਸ਼:** ਬੱਚਿਆਂ ਨੂੰ ਹੀ ਨਹੀਂ ਸਾਨੂੰ ਸਾਰਿਆਂ ਨੂੰ ਹੀ ਅਜਿਹੇ ਕੰਮਾਂ ਵਿਚ ਸਹਿਯੋਗ ਦੇਣਾ ਪਵੇਗਾ ਜਿਸ ਨਾਲ ਸਾਡੀ ਇਹ ਪਿਆਰੀ ਧਰਤੀ , ਜੁਗਾਂ - ਜੁਗਾਂ ਤੋਂ ਵਸਦੀ ਧਰਤੀ , ਸਦਾ ਹੀ ਜੀਵਨ ਦੇਣ ਵਾਲੀ ਅਤੇ ਸੁੰਦਰ ਬਣੀ ਰਹੇ।

**(ਸਾਰੇ ਇਕੱਠੇ ਬੋਲਦੇ ਹਨ।)**

ਤਾਂ ਅਸੀਂ ਸਾਰੇ ਅੱਜ ਤੋਂ ਸਹੁੰ ਖਾਂਦੇ ਹਾਂ ਕਿ ਅਸੀਂ ਟਿਕਾਊ ਵਿਕਾਸ ਵਿਚ ਆਪਣਾ ਯੋਗਦਾਨ ਪਾਵਾਂਗੇ ਅਤੇ ਧਰਤੀ ਗ੍ਰਹਿ ਦੀ ਸੁੰਦਰਤਾ (ਖੂਬਸੂਰਤੀ) ਨੂੰ ਬਣਾਈ ਰੱਖਾਂਗੇ।

ਪ੍ਰਸ਼ਨ

ਪ੍ਰਸ਼ਨ-1

ਨਵੀਂ ਤਕਨਾਲੋਜੀ ਅਤੇ ਖੇਤੀ ਵਿੱਚੋਂ ਕਿਥੇ ਮਿਲਦਾ ਹੈ ਜਿਆਦਾ ਰੁਜਗਾਰ ?

ਉੱਤਰ: ਖੇਤੀ ਵਿੱਚ !

ਪ੍ਰਸ਼ਨ-2 ਸਾਡੇ ਦੇਸ ਵਿੱਚ ਖੇਤੀ ਵਿੱਚੋਂ ਵਾਧੂ ਕੀਟ ਨਾਸ਼ਕ , ਨਦੀਨ ਨਾਸ਼ਕ ਤੇ ਰਸਾਇਣ ਘਟਾਉਣ ਲਈ ਕਿਹੜੀ ਯੋਜਨਾ ਚਲਾਈ ਗਈ ਹੈ ?

ਉੱਤਰ: ਜ਼ਮੀਨ ਸਿਹਤ ਕਾਰਡ !